ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ

ਪਟਿਆਲਾ

ਸ਼ਹੀਦੀ ਅੰਕ

ਸ਼ਹੀਦਾਂ ਦੇ ਸਿਰਤਾਜ

## ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ



ਗੁ: ਡੇਹਰਾ ਸਾਹਿਬ, ਲਾਹੌਰ (ਪਾਕਿਸਤਾਨ)

JUNE 1968

ਜੂਨ ੧੯੬੮

www.AKJ.Org

# ✢ ਲੇਖ ਸੂਚੀ ✢


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਰਾਵੀ ਦਰਿਆ ਨੂੰ | ੪ | ਸ: ਕੇਵਲ ਸਿੰਘ 'ਸਾਧਿਕ' |
| ੨ | ਸੰਪਾਦਕੀ (ਲਰੈ ਦੀਨ ਕੇ ਹੇਤ) | ੫ | ਐਡੀਟਰ |
| ੩ | ਮਾਤਾ ਭਾਨੀ ਦਾ ਪੁੱਤਰ (ਕਵਿਤਾ) | ੭ | ਭਾਈ ਦੇਵਾ ਸਿੰਘ ਜੀ 'ਕਿਰਤੀ' ਪਟਿਆਲਾ |
| ੪ | ਗੁਰੂ ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ | ੮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੫ | ਸ਼ਹੀਦਾਂ ਦੇ ਸਿਰਤਾਜ-ਗੁਰੂ ਅਰਜਨ ਦੇਵ ਜੀ | ੧੦ | ਭਾਈ ਤਰਲੋਚਨ ਸਿੰਘ ਜੀ 'ਜਗਪਾਲ' ਜਗਪਾਲਪੁਰ। |
| ੬ | ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਦਕਾ | ੧੪ | ਭਾਈ ਸੇਵਾ ਸਿੰਘ ਜੀ 'ਆਸੀ' N.P.C.C. ਚਨੈਨੀ। |
| ੭ | ਗੁਰੂ ਅਰਜਨ ਵਿਟਹੁ ਕੁਰਬਾਣੀ (ਕਵਿਤਾ) | ੧੭ | ਬੀਬੀ ਹਰਬੰਸ ਕੌਰ ਜੀ 'ਬੰਸ' ਪਟਿਆਲਾ |
| ੮ | ਝਟਕਾ ਕਿ ਹਲਾਲ ? | ੧੮ | ਭਾਈ ਮਨਮੋਹਨ ਸਿੰਘ ਜੀ M.Sc. ਪਟਨਾ |
| ੯ | ਅਦੁਤੀ ਸ਼ਹੀਦੀ (ਕਵਿਤਾ) | ੨੪ | ਵੈਦ ਰਾਮ ਸਿੰਘ ਜੀ ਪਟਿਆਲਾ |
| ੧੦ | ਦੋਹਤਾ ਬਾਣੀ ਦਾ ਬੋਹਿਥਾ | ੨੫ | ਭਾਈ ਮਾਲਿਕ ਸਿੰਘ ਜੀ B.Sc. ਕਾਨਪੁਰ |
| ੧੧ | ਅੰਮ੍ਰਿਤ ਦੀ ਕਲਾ (ਕਵਿਤਾ) | ੨੯ | ਭਾਈ ਗੁਰਦੇਵ ਸਿੰਘ ਜੀ N.P.C.C. ਚਨੈਨੀ |
| ੧੨ | ਬਿਖਮ ਅਖਾੜਾ | ੩੦ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ |
| ੧੩ | ਸ਼ਹਾਦਤ (ਕਵਿਤਾ) | ੩੭ | ਸ: ਕਰਤਾਰ ਸਿੰਘ ਜੀ 'ਰਾਹੀ' ਲਖਨਊ |
| ੧੪ | ਅੰਮ੍ਰਿਤ ਵੇਲਾ | ੩੮ | ਡਾ: ਤੇਜਇੰਦਰ ਸਿੰਘ ਜੀ ਭੂਪਾਲ |
| ੧੫ | ਸ਼ਹੀਦਾਂ ਦੇ ਸਿਰਤਾਜ | ੪੩ | ਭਾਈ ਮਨਮੋਹਨ ਸਿੰਘ ਜੀ 'ਬਲ' ਬੁਤਾਲਾ |
| ੧੬ | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੪੪ | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੧੭ | ਗੁਰਮਤਿ ਦੇ ਝਰੋਖੇ ਤੋਂ | ੪੬ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |


## ਚੰਦੇ ਦਾ ਵੇਰਵਾ


ਸਾਲਾਨਾ ਦੇਸ ੬) ਰੁਪੈ ਪ੍ਰਦੇਸ ੧੦ ) ਰੁਪੈ

ਲਾਈਫ ਮੈਂਬਰ ੧੫੦ ਰੁਪੈ ਪ੍ਰਤੀ ਕਾਪੀ ੬੦ ਪੈਸੇ


www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

੧ੳ ਵਾਹਿਗੁਰੂ ਜੀ ਕੀ ਫਤਹਿ॥

ਮਾਸਕ

# ਸੂਰਾ

# ਪਟਿਆਲਾ

ਪਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

ਜਿਲਦ ਨੰ: ੩ | ਜੇਠ—ਹਾੜ ੪੯੯ ਨਾਨਕ ਸ਼ਾਹੀ | ਅੰਕ ਨੰ: ੫

ਆਸਾੜੁ ਭਲਾ, ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ, ਮਰਣੁ ਜੀਵਣੁ ਪ੍ਰਭ ਨਾਲੇ ॥੮॥

ਆਨਰੇਰੀ ਐਡੀਟਰ :
ਮਨੋਹਰ ਸਿੰਘ

ਜੂਨ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਜੂਨ ੧੯੬੮ ਨੂੰ ਪ੍ਰਕਾਸ਼ਤ ਕੀਤਾ।

www.AKJ.Org

# ਰਾਵੀ ਦਰਿਆ ਨੂੰ

[ ਸ: ਕੇਵਲ ਸਿੰਘ 'ਸਾਧਿਕ' ]

ਸੁੰਞਾ ਕੰਢਾ ਉਹ ਰਾਵੀ ਦਾ ਦਿਸ ਰਿਹਾ ਏ, ਜਿਥੇ ਖੜਾ ਸੀ ਹਿੰਦ ਮਲਾਹ ਪ੍ਰੀਤਮ।
ਹਥ ਵਿਚ ਨਰੇਲ ਤੇ ਪੰਜ ਪੈਸੇ, ਲਈ ਖੜਾ ਸੀ ਬੇ-ਪ੍ਰਵਾਹ ਪ੍ਰੀਤਮ।
ਪੰਜਾਂ ਸਿਖਾਂ ਨੂੰ ਸਿਖਿਆ ਦੇ ਰਿਹਾ ਸੀ, ਦਸ ਰਿਹਾ ਸੀ ਸੱਚ ਦਾ ਰਾਹ ਪ੍ਰੀਤਮ।
ਜਿਸ ਨੇ ਕਵੀਆਂ ਦਾ ਕਵੀ ਸਿਰਤਾਜ ਬਣਕੇ, ਗੁਰੂ ਗ੍ਰੰਥ ਜੀ ਬੀੜ ਬਣਾਈ ਹੈ ਸੀ।
ਬੇੜੀ ਹਿੰਦ ਦੇ ਧਰਮ ਦੀ ਤਾਰਨੇ ਨੂੰ, ਭੇਟਾ ਸੀਸ ਦੀ ਹੱਸ ਚੜ੍ਹਾਈ ਹੈ ਸੀ।

ਦਸੀਂ ਰਾਵੀਏ ਨੀ ਕਿਧਰ ਗਿਆ ਮਾਹੀ, ਲਾਏ ਟੁੱਭੀਆਂ ਆਪਾ ਲੁਕਾ ਗਿਆ ਨੀ।
ਦਸੀਂ ਪਿਆਰੀਏ ਪ੍ਰੀਤਮ ਦਾ ਪਤਾ ਕੋਈ, ਕਿਵੇਂ ਤੁਧ ਨੂੰ ਸ਼ਾਂਤ ਬਣਾ ਗਿਆ ਨੀ।
ਮਸਤ ਟੁਰੀ ਜਾਵੇਂ ਪੀਆ ਪ੍ਰੇਮ ਅੰਦਰ, ਦਸੀਂ ਰਮਜ਼ ਜੋ ਤੁਧ ਸਮਝਾ ਗਿਆ ਨੀ।
ਨਿਤ ਰਾਗ ਮਨਮੋਹਣੇ ਗਾਂਵਦੀ ਏਂ, ਦਸੀਂ ਬਾਣੀ ਜੋ ਕੰਠ ਕਰਾ ਗਿਆ ਨੀ।
ਗੁਰੂ ਨਾਨਕ ਜੀ ਲਾਇਆ ਜੋ ਸਿੱਖੀ ਬੂਟਾ, ਪਾਣੀ ਪਾਇ ਕੇ ਖ਼ੂਨ ਦਾ ਪਾਲਿਆ ਸੀ।
ਭਾਣਾ ਮੰਨੀਦਾ ਕਿਵੇਂ ਨਿਰੰਕਾਰ ਜੀ ਦਾ, ਤੱਤੀ ਲੋਹ 'ਤੇ ਬੈਠ ਸਿਖਾਲਿਆ ਸੀ।

ਅਸਾਂ ਤੁਧ ਦੇ ਸ਼ੁਕਰ-ਗੁਜ਼ਾਰ ਡਾਹਢੇ, ਰਾਵੀ ਸਾਂਭ ਤੂੰ ਸਾਡੀ ਈਮਾਨ ਰਖੀ।
ਸੀਤਲ ਨੀਰ ਦੀ ਸੇਜ ਵਿਛਾਈ ਤੂੰਹੀ, ਉਚੀ ਤੁਧ ਨੇ ਸਿਖੀ ਦੀ ਸ਼ਾਨ ਰਖੀ।
ਗੁਰਾਂ ਭਾਗ ਲਾਇਆ ਤੂੰ ਵੀ ਧਨ ਹੋਈਓਂ, ਚੰਚਲ ਰਾਵੀਏ ਤੁਧ ਦੀ ਆਨ ਰਖੀ।
ਧਨ ਤੂੰ ਜੋ ਸਦਾ ਅਭੇਦ ਹੋਈਓਂ, ਵਾਹ ਵਾਹ ਪੱਤ ਰਖੀ ਵਾਹ ਵਾਹ ਪਾਨ ਰਖੀ।
ਤਾਹੀਓਂ ਅੱਜ ਤੂੰ ਵੀ ਪੂਜੀ ਜਾਂਵਦੀ ਏਂ, ਜਿਸਨੂੰ ਚੋਜੀ ਨੇ ਆਪ ਨਿਹਾਲ ਕੀਤਾ।
ਪਾਏ ਚਰਨ ਪਵਿਤ੍ਰ, ਪੁਨੀਤ ਹੋਈਓਂ, ਕਦੀ ਰਾਵੀਏ ਏਹੋ ਖਿਆਲ ਕੀਤਾ?

ਕੰਢੇ ਤੁਧ ਦੇ ਪੀਆ ਅਜ ਫੇਰ ਹੋਵੇ, ਨੈਨ ਚਰਨਾਂ ਦੇ ਵਿਚ ਵਿਛਾ ਦਈਏ।
ਘੋਲੀ ਜਾਵੀਏ ਲਖ ਕਰੋੜ ਵੇਰਾਂ, ਉਹਦੇ ਪ੍ਰੇਮ 'ਚ ਜਿੰਦਾਂ ਲੁਟਾ ਦਈਏ।
ਜੀਆ ਦਾਨ ਦਾਤੇ ਸ਼ਾਂਤ ਪੁੰਜ ਕੋਲੋਂ, ਜੀਵਨ ਸ਼ਾਂਤੀ ਦਾ ਦਾਨ ਪਾ ਦਈਏ।
'ਅਰਜਨ ਗੁਰੂ ਪ੍ਰਤੱਖ ਹਰਿ' ਦਾ ਫੇਰ ਰਾਵੀ! ਰਜ ਤੁਧ ਕੰਢੇ ਦਰਸ ਪਾ ਲਈਏ।
ਰਾਵੀ! ਭੁਲ ਨ ਪ੍ਰੇਮ ਸੰਗੀਤ ਜਾਵੀਂ, ਤੁਧ ਪਾਸ ਹੈ ਸਾਡੀ ਇਮਾਨ ਅੜੀਏ।
'ਸਾਧਿਕ' ਅਦਬ 'ਚ ਆਖਦਾ ਨਾਲ ਤੇਰੇ! ਸਾਡਾ ਵਸਦਾ ਹਈ ਜਹਾਨ ਅੜੀਏ।


www.AKJ.org




# ਲਰੈ ਦੀਨ ਕੇ ਹੇਤ

ਮੇਰੇ ਭਾਈ ਜਨੋ ! ੩੧ ਮਈ ਨੂੰ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ ਜਿਥੇ ਆਪ ਜੀ ਦੀ ਸ਼ਹੀਦੀ ਸਿੱਖ-ਧਰਮ ਦੀ ਪ੍ਰਥੱਮ ਸ਼ਹੀਦੀ ਹੈ, ਉਥੇ ਨਾਲ ਹੀ ਸੰਸਾਰ ਦੇ ਸਮੂੰਹ ਸ਼ਹੀਦਾਂ ਦੇ ਇਤਿਹਾਸ ਵਿਚ ਇਕ ਅਨੋਖੀ, ਸ਼ਰੇਸ਼ਟ, ਪਵਿੱਤਰ ਤੇ ਅਸੂਲੀ ਸ਼ਹੀਦੀ ਹੈ, ਜਿਸ ਨੇ ਆਉਣ ਵਾਲੀ ਸਿੱਖ ਜਥੇਬੰਦੀ ਨੂੰ ਉਚੇ ਤੇ ਸ੍ਰਿਸ਼ਟ ਅਸੂਲਾਂ ਲਈ ਮਰਨਾ ਸਿਖਾਇਆ।

ਅਜ ਹਰ ਪਾਸੇ ਕਲਜੁਗ ਦਾ ਬੋਲ-ਬਾਲਾ ਹੈ। ਪਛਮੀ ਸਭਿਅਤਾ ਦੀ ਵਿਸ਼ੇ- ਵਿਕਾਰਾਂ ਦੀ ਅਗ ਨੇ ਸਾਨੂੰ ਢਿੱਲੜ ਸਿਖ ਬਣਾ ਦਿਤਾ ਹੈ। ਨਿੱਕੀਆਂ ਨਿੱਕੀਆਂ ਲੋਕ-ਲਾਜੀ ਖੁਸ਼ੀਆਂ ਸਾਨੂੰ ਆਤਮਕ ਉਚਤਾ ਦੇ। ਰਾਹ ਤੋਂ ਦੁਰੇਡੇ ਲਿਜਾ ਰਹੀਆਂ ਹਨ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ-ਬੀੜ ਤਿਆਰ ਹੋ ਗਈ ਤਾਂ ਜਹਾਂਗੀਰ ਬਾਦਸ਼ਾਹ ਨੇ ਹੁਕਮ ਭੇਜਿਆ ਕਿ ਆਪਣੇ ਤਿਆਰ ਕੀਤੇ ਹੋਏ ਧਾਰਮਕ ਗਰੰਥ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਵਡਿਆਈ ਵਿਚ ਕੁਝ ਸ਼ਬਦ ਦਰਜ ਕੀਤੇ ਜਾਣ। ਪਰ ਗੁਰੂ ਅਰਜਨ ਦੇਵ ਜੀ ਨੇ ਇਸ ਝੂਠੇ ਬਾਦਸ਼ਾਹ ਦੀ ਰਤਾ ਜਿੰਨੀ ਪਰਵਾਹ ਨਾ ਕਰਦਿਆਂ ਹੋਇਆਂ ਸਾਫ ਜੁਆਬ ਦਿਤਾ ਕਿ ਇਹ ਮੇਰੇ ਵੱਸ ਦੀ ਗਲ ਨਹੀਂ। ਏਥੇ ਕੇਵਲ ਧੁਰ ਦੀ ਬਾਣੀ ਹੀ ਦਰਜ ਕੀਤੀ ਜਾ ਸਕਦੀ ਹੈ। ਤੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੱਚੇ-ਪਿੱਲੇ ਲੀਡਰਾਂ ਦੀ ਵਡਿਆਈ ਕਰਦੇ ਨਹੀਂ ਥਕਦੇ। ਸਰੀਰਕ ਸੁਖ ਤੇ ਲੋਕ-ਲਾਜ ਦੀ ਖਾਤਰ ਗੁਰੂ ਤੇ ਬਾਣੀ ਦਾ ਸਤਿਕਾਰ ਨਹੀਂ ਕਰਦੇ। ਬਾਣੀ ਨੂੰ ਥੋੜ੍ਹੀ ਮਾਇਆ ਖਾਤਰ ਵੇਚਦੇ ਹਾਂ। ਗੁਰੂ ਜੀ ਦੇ ਦਰਸਾਏ ਹੋਏ ਮਾਰਗ ਨੂੰ ਇਸ ਲਈ ਨਹੀਂ ਅਪਣਾਉਂਦੇ ਕਿ ਸਾਡੇ ਸੰਸਾਰਕ ਅਫਸਰ ਜਾਂ ਮਿਤਰ ਸਾਡੇ ਨਾਲ ਨਾਰਾਜ਼ ਹੁੰਦੇ ਹਨ।

ਜਹਾਂਗੀਰ ਨੇ ਗੁਰੂ ਜੀ ਨੂੰ ਜੁਰਮਾਨਾਂ ਕੀਤਾ ਕਿਉਂਕਿ ਉਨਾਂ ਬਾਦਸ਼ਾਹ ਦੇ ਬਾਗੀ ਪੁਤਰ ਖੁਸਰੋ ਨੂੰ ਸ਼ਰਨ ਦਿਤੀ ਸੀ। ਗੁਰੂ ਜੀ ਨੇ ਜੁਰਮਾਨਾਂ ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ ਤੇ ਕਿਹਾ ਕਿ ਗੁਰੂ ਨਾਨਕ ਦਾ ਦਰ ਹਰ ਇਕ ਲਈ ਖੁਲ੍ਹਾ ਹੈ। ਹਰ ਸ਼ਰਨ ਆਏ ਪ੍ਰਾਣੀ ਨੂੰ ਗਲੇ ਲਾਇਆ ਜਾਂਦਾ ਹੈ ਤੇ ਅਸੀਂ ਸ਼ਰਨ ਆਏ ਨੂੰ ਗਲੇ ਲਾਉਣਾ ਤਾਂ ਇਕ ਪਾਸੇ ਰਿਹਾ, ਸੰਸਾਰਕ ਅਫਸਰ ਜਾਂ ਰਿਸ਼ਤੇਦਾਰਾਂ ਸਾਹਮਣੇ ਆਪਣੇ ਗੁਰਸਿਖ ਨੂੰ ਗੱਜ ਕੇ ਫਤਹਿ ਬੁਲਾਉਣ ਤੋਂ ਝਕਦੇ ਹਾਂ ਤਾਂ ਜੋ ਉਸ ਨੂੰ ਪਤਾ ਨਾ ਲਗ ਜਾਵੇ ਕਿ ਇਹ ਗੁਰੂ ਦਾ ਪੱਕਾ ਸਿੱਖ ਹੈ।

ਸ਼ਹੀਦ ਪਿਤਾ ਨੇ ਵਜ਼ੀਰ ਚੰਦੂ ਦੀ ਲੜਕੀ ਦਾ ਸਾਕ ਆਪਣੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ


www.AKJ.Org

## 'ਸੂਰਾ' ਰਾਹੀਂ ਹੋ ਰਹੇ ਗੁਰਮਤਿ ਪ੍ਰਚਾਰ ਲਈ ਮਾਇਕ ਸਹਾਇਤਾ

| | ਰੁਪੈ |
|---|---|
| ਭਾਈ ਸੁਰਜੀਤ ਸਿੰਘ, ਰਣਜੀਤ ਸਿੰਘ ਪਟਿਆਲਾ | ੧੧ |
| ਬੀਬੀ ਚਰਨ ਕੌਰ ਕੰਡਾਘਾਟ | ੧੧ |
| ਭਾ: ਹਰਮੋਹਨ ਸਿੰਘ ਬੀਬੀ ਸਤਵੰਤ ਕੌਰ ਡੇਹਰਾਦੂਨ | ੧੧ |
| ਭਾ: ਭੂਪਿੰਦਰ ਸਿੰਘ ਜੀ ਲੁਧਿਆਣਾ | ੫ |
| ਇਕ ਗੁਰਮੁਖ ਪਿਆਰਾ (ਗੁਪਤ) | ੧੦੦ |
| ਭਾ: ਪਰਦੁਮਨ ਸਿੰਘ ਜੀ ਆਗਰਾ | ੪ |

## ਅਖੰਡ ਪਾਠ ਸਮਾਗਮ

ਸਮੂੰਹ ਸੰਗਤਾਂ ਨੂੰ ਨਿੰਮਰਤਾ ਸਹਿਤ ਬੇਨਤੀ ਹੈ ਕਿ ਦਾਸ ਦੇ ਗ੍ਰਹਿ ਵਿਖੇ ਸਚੇ ਪਾਤਸ਼ਾਹ ਦੀ ਕਿਰਪਾ ਦੁਆਰਾ ਸ੍ਰੀ ਅਖੰਡ ਪਾਠ ਸਾਹਿਬ ਮਿਤੀ ੧੨ ਜੂਨ ਦਿਨ ਬੁਧਵਾਰ ਨੂੰ ਆਰੰਭ ਹੋਵੇਗਾ ਅਤੇ ੧੫ ਜੂਨ ਦਿਨ ਸ਼ੁਕਰਵਾਰ ਨੂੰ ਸਮਾਪਤੀ ਹੋਵੇਗੀ। ਦੂਜਾ ਅਖੰਡ ਪਾਠ ਸ਼ੁਕਰਵਾਰ ਤੋਂ ਆਰੰਭ ਹੋਕੇ ਮਿਤੀ ੧੯ ਜੂਨ ਨੂੰ ਸਮਾਪਤੀ ਹੋਵਗੀ, ਅਤੇ ਅਖੰਡ ਕੀਰਤਨ ਚਲ ਸੁ ਚਲ ਭੁੱਚਿਆ ਜਾਵੇਗਾ। ਸਮੂੰਹ ਸੰਗਤਾਂ ਪਰਵਾਰਾਂ ਸਹਿਤ ਦਰਸ਼ਨ ਦੇਕੇ ਦਾਸ ਨੂੰ ਸੇਵਾ ਬਖਸ਼ਣੀ ਅਤੇ ਆਪਣਾ ਜਨਮ ਸਫਲਾ ਕਰਨਾ ਜੀਓ।

ਦਾਸਨ ਦਾਸ—ਬਲਵੰਤ ਸਿੰਘ ਡਿਪਟੀ (ਪੈਨਸ਼ਿਨੀਆ)
ਪਿੰਡ ਛੋਕਰਾਂ ਡਾਕਖਾਨਾ ਖਾਸ, ਜ਼ਿਲਾ ਜਲੰਧਰ

ਨੋਟ—ਫਿਲੌਰ ਪੁਜ ਕੇ ਅਪਰੇ ਨੂੰ ਹਰ ਵੇਲੇ ਟੈਂਪੂ ਸਕੂਟਰ ਮਿਲਦੇ ਹਨ ਅਤੇ ਅਪਰੇ ਤੋਂ ਡੇਢ ਮੀਲ ਤੋਂ ਸੰਗਤਾਂ ਦਾਸ ਦੇ ਗ੍ਰਹਿ ਵਿਖੇ ਪੁਜ ਸਕਦੀਆਂ ਹਨ।

**ਰਿਸ਼ਤੇ ਨਾਤੇ:—** ਮੇਰਾ ਨਿੱਕਾ ਵੀਰ, ਜੋ ਭਾਈ ਸਾਹਿਬ ਦੇ ਜਥੇ ਦਾ ਸ਼ਰਧਾਲੂ ਹੈ, ਲਈ ਇਕ ਘਟੋ ਘਟ ਮੈਟਰਿਕ ਤਕ ਪੜ੍ਹੀ ਲਿਖੀ ਤਿਆਰ-ਬਰ-ਤਿਆਰ ਸਿੰਘਣੀ ਦੀ ਲੋੜ ਹੈ, ਲੜਕੇ ਦੀ ਉਮਰ ੨੫ ਸਾਲ ਹੈ, ਤੇ ਮੈਟਰਿਕ ਪਾਸ, ੩੦੦ ਰੁਪੈ ਮਹੀਨਾ ਕਮਾਂਦਾ ਹੈ। ਲੋੜਵੰਦ ਸਜਣ ਹੇਠ ਲਿਖੇ ਪਤੇ ਤੇ ਚਿਠੀ-ਪੱਤਰ ਕਰਨ।

ਬਲਵੰਤ ਸਿੰਘ
੯੩ ਭੰਡਾਰੀ ਸਟ੍ਰੀਟ, ਬੰਬਈ-੩, ਬੀ.ਆਰ.

†ਵਾਸਤੇ ਇਸ ਲਈ ਪ੍ਰਵਾਨ ਨਾ ਕੀਤਾ, ਕਿਉਂਕਿ ਉਹ ਮਾਇਕ ਵਡਿਤਣ ਕਰਕੇ ਹੰਕਾਰੀ ਸੀ। ਕਿਉਂਕਿ ਉਸ ਨੇ ਗੁਰੂ ਘਰ ਦੀ ਗਰੀਬੀ ਨੂੰ ਛੁਟਿਆਇਆ ਸੀ, ਤੇ ਅਸੀਂ ਮਾਇਆ ਦੀ ਖਾਤਰ ਆਪਣੇ ਮੁੰਡੇ ਕੁੜੀਆਂ ਦੇ ਰਿਸ਼ਤੇ ਬੇ ਅੰਮ੍ਰਿਤੀਆਂ ਤੇ ਰਹਿਤ-ਹੀਣਾਂ ਦੇ ਨਾਲ ਕਰਦੇ ਹਾਂ। ਸਭ ਅਸੂਲਾਂ ਨੂੰ ਤਲਾਂਜਲੀ ਦੇਕੇ ਅਜਕਲ ਦੇ ਚੁਫੇਰ ਗੜੀਏ ਵਜ਼ੀਰਾਂ ਦੀ ਚਾਪਲੂਸੀ ਕਰਦੇ ਹਾਂ। ਸਾਡੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਦਿਨੇ ਪ੍ਰਚਾਰ ਕਰਦੇ ਹਨ, ਰਾਤ ਨੂੰ ਸ਼ਰਾਬਾਂ ਪੀਂਦੇ ਤੇ ਝਟਕੇ ਦੇ ਨਾਂ ਤੇ ਸਭ ਤਰ੍ਹਾਂ ਦੇ ਮਾਸ ਖਾਈ ਜਾਂਦੇ ਹਨ। ਸਾਡੇ ਸ਼ਹੀਦ-ਪਿਤਾ ਨੇ ਸਾਨੂੰ ਕੀ ਸਿਖਾਇਆ, ਪਰ ਅਸੀਂ ਕੀ ਬਣਦੇ ਜਾ ਰਹੇ ਹਾਂ।

ਪਿਆਰਿਓ! ਆਉ ਅਸੀਂ ਵੀ ਸ਼ਹੀਦ ਪਿਤਾ ਦੀ ਪਵਿੱਤਰ ਤੇ ਅਸੂਲੀ ਸ਼ਹੀਦੀ ਤੋਂ, ਦੀਨ ਦੇ ਅਸੂਲਾਂ ਖਾਤਰ ਜੀਵਨ ਸੰਗਰਾਮ ਵਿਚ ਜੂਝਨ ਦੀ ਪ੍ਰੇਰਨਾ ਲਈਏ! (ਐਡੀਟਰ)


www.AKJ.org

# ਮਾਤਾ ਭਾਨੀ ਦਾ ਪੁਤਰ

( ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰੀ, ਹਾਲ ਪਟਿਆਲਾ )

ਏਸ ਭੇਦ ਨੂੰ ਆਪੇ ਜਾਨਣ ਸਤਿਗੁਰ ਜਾਨੀ ਜਾਨ।
ਭਾਨੀ ਦਾ ਨਾਂ ਰਖਣ ਵੇਲੇ ਆਇਆ ਕੀ ਧਿਆਨ।
ਇਸ ਭਾਨੀ ਜਗ ਭਾਣੀ ਬਣ ਕੇ ਪਾਣਾ ਏਡਾ ਮਾਨ।
ਕੁਰਬਾਨੀ ਦੀ ਹੱਦ ਮੁਕਾਣੀ ਏਸੇ ਦੀ ਸੰਤਾਨ।
ਜਿਸਨੂੰ ਵੇਖ ਵੇਖ ਕੇ ਕੰਬਨ ਧਰਤੀ ਤੇ ਅਸਮਾਨ।
ਭਾਣਾ ਮੰਨਣ ਵਾਲੇ ਹੋਵਣ ਸੂਰਬੀਰ ਬਲਵਾਨ।
ਜਿਨ੍ਹਾਂ ਦੀ ਮਿਸਾਲ ਨਾ ਮਿਲਸੀ ਸਾਰੇ ਵਿਚ ਜਹਾਨ।
ਆਨ ਸ਼ਾਨ ਦੇ ਨਾਲ ਬਚਾਵਨ ਦੇਸ ਕੌਮ ਦੀ ਸ਼ਾਨ।
ਇਸ ਦੇ ਪੁੱਤਰ ਲੋਹ ਤੱਤੀ ਤੇ ਬੈਠੇ ਸ਼ੁਕਰ ਮਨਾਣ।
ਸਿਰ ਤੇ ਤੱਤੇ ਰੇਤੇ ਸੈਹ ਕੇ ਫਿਰ ਵੀ ਨਾ ਘਬਰਾਨ।
ਜਿਸਦੇ ਪੋਤੇ, ਬੰਧਨ ਤੋੜਨ ਬੰਦੀ ਛੋੜ ਸਦਾਨ।
ਪੜਪੋਤੇ ਭਵ ਸਾਗਰ ਵਿਚੋਂ ਬੇੜੇ ਪਾਰ ਕਰਾਨ।
ਦੁਖੀਆਂ ਦੇ ਦੁਖ ਸੁਣ ਕੇ ਛੇਤੀ ਧੀਰਜ ਦੇ ਬਿਠਾਨ।
ਵਿਚ ਚਾਂਦਨੀ ਚੌਕ ਇਸ ਤਰਾਂ ਹੋ ਜਾਵਨ ਕੁਰਬਾਨ।
ਛੋਟੇ ਛੋਟੇ ਬਚੇ ਜ਼ਾਲਮ ਨੀਂਹਾਂ ਵਿਚ ਚਿਨਾਨ।
ਜਾਂ ਫਿਰ ਜੰਗ ਮੈਦਾਨਾਂ ਦੇ ਵਿਚ ਭਾਰੀ ਜੁਧ ਮਚਾਨ।
ਜ਼ੁਲਮ ਹਨੇਰਾ ਮੇਟ ਦੇਣਗੇ ਜਾਂ ਚਮਕੀ ਕਿਰਪਾਨ।
'ਕਿਰਤੀ' ਸਭ ਸਰਬੰਸ ਵਾਰ ਕੇ ਰੁੜਦਾ ਧਰਮ ਬਚਾਨ।

'ਸੂਰਾ' ਦਾ ਸਾਲਾਨਾ ਚੰਦਾ— ਦੇਸ ੬) ਰੁਪੈ ਪ੍ਰਦੇਸ ੧੦) ਰੁਪੈ ਇਕ ਕਾਪੀ ੬੦ ਪੈਸੇ
ਲਾਈਫ਼ ਮੈਂਬਰ— ੧੫੦) ਰੁਪੈ

ਮਾਸਕ ਪੱਤਰ 'ਸੂਰਾ' ਨੂੰ ਸਦਾ ਚੜ੍ਹਦੀਆਂ ਕਲਾਂ 'ਚ ਰਖਣ ਲਈ ਵਧ ਤੋਂ ਵਧ 'ਸੂਰਾ' ਦੇ ਲਾਈਫ਼ ਮੈਂਬਰ ਬਣੋ ਤੇ ਹੋਰਨਾਂ ਨੂੰ ਪ੍ਰੇਰੋ।

—ਮੈਨੇਜਰ


www.AKJ.Org

# ਗੁਰ ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ

( ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ ਪਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਸ਼ਹੀਦੀ ਦੇ ਮੁਕਾਬਲੇ ਵਿਚ ਸਭ ਹੇਠ ਹਨ ਅਤੇ ਹੇਠ ਹੀ ਰਹਿਣਗੀਆਂ। ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ ਉਹ ਸੱਚ ਮੁਚ ਹੀ ਅਦੁਤੀ ਹਨ। ਇਤਿਹਾਸਕਾਂ ਦੀਆਂ ਇਹ ਇਤਿਹਾਸ ਕਾਰੀਆਂ ਬਿਲਕੁਲ ਗਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸੁਾਰਥੀ ਮਨੋਰਥ ਲਈ ਇਹ ਸ਼ਹੀਦਾਂ ਦਾ ਰਮਜ਼ ਮਾਤਰ ਬੀੜਾ ਚੁਕਿਆ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨੇ ਪਾਏ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਵੀ ਬਾਦਸ਼ਾਹ ਅਗੇ ਰੰਚਕ ਮਾਤ੍ਰ ਭੀ ਕਾਣ ਕਣੌਡੀ ਕਾਂਪ ਨਹੀਂ ਖਾਧੀ। ਜੇਕਰ ਪੰਚਮ ਪਾਤਸ਼ਾਹ ਜੀ ਰਾਮ ਰਾਇ ਦੀ ਨਿਆਈਂ ਅਮਰੀ ਅਜ਼ਲੀ ਗੁਰਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ। ਪਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਸ਼ਹੀਦਾਂ ਦੇ ਸਿਰਤਾਜ ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦੀ ਭੋਰਾ ਮਾਤ੍ਰ ਵੀ ਪ੍ਰਵਾਹ ਨਹੀਂ ਕੀਤੀ ਅਤੇ ਅਪਣੇ ਸੱਚੇ ਸ਼ਹੀਦੀ ਮਿਸ਼ਨ ਤੇ ਡਟੇ ਰਹੇ। ਸੱਚ ਮੁਚ ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸੱਚੀ ਸ਼ਹੀਦੀ ਦੇ ਪਾਏ ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰਸਿੱਖਾਂ ਦੇ ਸਿਦਕ ਭਰੋਸੇ ਨੂੰ ਕਾਇਮ ਰੱਖਣ ਲਈ ਪਾਏ। ਵਕਤ ਦੇ ਨਾਦਰ ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅਗੇ ਦੁਰਖਾਸਤ ਕੀਤੀ ਪਰੰਤੂ ਧੰਨ ਗੁਰੂ ਅਰਜਨ ਸਾਹਿਬ ਕਿ ਉਨ੍ਹਾਂ ਨੇ ਅਨੇਕ ਬਾਰਨੀ ਦੁਖਾਸਤ ਨੂੰ ਹਰ ਬਾਰ ਰੱਦੀ ਦੀ ਟੋਕਰੀ ਵਿਚ ਹੀ ਸੁਟ ਪਾਇਆ। ਇਤਿਹਾਸਕਾਰਾਂ ਦੀ ਇਹ ਬਾਤ ਭੀ ਗਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਖੁਦ ਬੁਰਛਾ ਗਰਦ ਬਾਦਸ਼ਾਹਾਂ ਪਾਸ ਲੈਕੇ ਪਹੁਚੇ। ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸਚਾਈ ਦੀ ਕਸੌਟੀ ਉਤੇ ਪਰਖੀ ਜਾਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੈਸੇ ਉਚ ਦੁਨੀਆਈ ਬਾਦਸ਼ਾਹ ਖੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿਤਰ ਗੁਰਬਾਣੀ


www.AKJ.org

ਦਾ ਮੁਆਇਨਾ ਕੀਤਾ ਅਤੇ ਬਿਲਕੁਲ ਕਸੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ਼ ਹੋਈ ਹਤਕ ਨੂੰ ਮਹਿਸੂਸ ਕਰਕੇ ਅਤਿਆਚਾਰੀ ਦੁਨਿਆਵੀ ਬਾਦਸਾਹ ਨੇ ਅਨੇਕ ਪ੍ਰਕਾਰੀ ਤਨ ਤਸੀਹੇ ਦੇਣ ਲਈ ਆਪਣੇ ਮੁਤਅਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮੱਲ ਨੂੰ ਪਰੇਰਿਆ। ਉਸ ਕੂੜਾਵੇ ਚੰਦੂ ਨੇ ਆਪਣੀ ਕਿਸ ਕੱਢਣ ਲਈ ਇਹ ਨਾਦਰ ਮੌਕਾ ਸਮਝਿਆ ਕਿ ਜਿਤਨੇ ਭੀ ਤਨ ਤਸੀਹੇ ਗੁਰੂ ਸਾਹਿਬ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕੱਢਣ ਲਈ ਹੋਣਗੇ। ਇਹ ਬਾਤ ਬਿਲਕੁਲ ਗਲਤ ਹੈ ਕਿ ਚੰਦੂ ਨੇ ਆਪਣੀ ਹੀ ਨਿਜ ਖਾਰ ਕੱਢਣ ਲਈ ਗੁਰੂ ਸਾਹਿਬ ਸਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਉਪਰ ਇਹ ਵਾਰ ਕੀਤੇ। ਜੋ ਹੋਇਆ ਸੋ ਉਸ ਸਮੇਂ ਦੇ ਨਾਦਰ ਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ। ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹੋ ਹੀ ਕੀਨਾਂ ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਖੇ ਗੁਰਵਾਕ ਕਿਉਂ ਨਾ ਪਲਟ ਦਿਤੇ। ਬੱਸ ਏਸੇ ਕੇਵਲ ਏਸ ਖਾਰ ਦੀ ਖਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸੱਚੇ ਪਾਤਸ਼ਾਹ ਤਾਂ ਅੱਗੇ ਹੀ ਇਸ ਕੂੜਾਵ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ ਗਰਦੀ ਅਤ ਤਮ੍ਹਾਂ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸੱਚੀ ਬਾਣੀ ਵਿੱਚ ਬ੍ਰਹਮ ਗਿਆਨੀ ਦੇ ਲੱਛਣਾਂ ਦੀ ਪਰਖ ਬਦਲੇ ਇਹ ਸੱਚੀ ਕੁਰਬਾਨੀ ਦੇਣਾ ਚਾਹੁੰਦੇ ਸਨ ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤਰ ਹੁੰਦੀ ਹੈ। ਦੁਨਿਆਵੀ ਤਮ੍ਹਾਂ ਵਾਲਾ ਹਰ ਇਕ ਇਨਸਾਨ ਇਹ ਸੱਚੀ ਕੁਰਬਾਨੀ ਨਹੀਂ ਦੇ ਸਕਦਾ, ਜਦ ਤਕ ਕਿ ਉਸ ਦੇ ਰੋਮ ਰੋਮ ਅੰਦਰ ਸੱਚੀ ਸ਼ਹੀਦੀ ਸਪਿਰਟ ਨਾ ਸਮਾਇਆ ਹੋਵੇ। ਹੋਰ ਤਾਂ ਕੀ ਕਹਿਣਾ ਹੈ ਕਿ ਰਾਮ ਰਾਇ ਸਾਰਖੇ ਗੁਰੂ ਘਰ ਵਿਖੇ ਪਲੇ ਹੋਏ ਭੀ ਸੁਆਰਥ ਗਰਦੀ ਦੀ ਕ੍ਰਾਂਪ ਖਾ ਗਏ ਅਤੇ ਹਮੇਸ਼ਾਂ ਲਈ ਗੁਰੂ ਘਰ ਦੇ ਸਿੱਖਾਂ ਦੀਆਂ ਨਜ਼ਰਾਂ ਵਿਚ ਮਨਜ਼ੂਰ ਨ ਪਏ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸੱਚੀ ਅਤੇ ਨਿਸ਼ਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸੁਆਰਥੀ ਕਿਸੇ ਮਤਲਬ ਖਾਤਰ ਯਾ ਕੂੜਾਵੇ ਤਨ ਦੀ ਰਖਿਆ ਖਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟਲ ਰਹੇ।

## ਕੁਰਾਲੀ ਵਿਖੇ ਰੈਣ ਸਬਾਈ ਕੀਰਤਨ

ਗੁਰ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ ੮ ਜੂਨ ੧੯੯੮ ਦਿਨ ਸਨੀਚਰਵਾਰ ਸ਼ਾਮ ਦੇ ਸਾਢੇ ੮ ਵਜੇ ਸਚਖੰਡਵਾਸੀ ਭਾ. ਸਾ. ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਰੈਣ-ਸਬਾਈ ਕੀਰਤਨ ਕਰਨਗੇ, ੯ ਜੂਨ ਐਤਵਾਰ ਸਾਢੇ ੯ ਵਜੇ ਸਵੇਰੇ ਸਮਾਪਤੀ ਹੋਵੇਗੀ। ਇਸ ਲਈ ਇਲਾਕੇ ਦੀਆਂ ਸਮੂਹ ਸੰਗਤਾਂ ਹੁਮ ਹੁਮਾ ਕੇ ਇਸ ਕੀਰਤਨ ਸਮਾਗਮ ਤੇ ਪੁਜ ਹਰਜਸ ਸੁਣ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਚਰਨਧੂੜ ਸੰਗਤ, ਲੋਕਲ ਗੁਰਦਵਾਰਾ ਸਬਜ਼ੀ ਮੰਡੀ, ਕੁਰਾਲੀ (ਜ਼ਿਲਾ ਰੋਪੜ)


www.AKJ.org

# ਸ਼ਹੀਦਾਂ ਦੇ ਸਿਰਤਾਜ—ਗੁਰੂ ਅਰਜਨ ਦੇਵ ਜੀ

( ਵਲੋਂ—ਤਰਲੋਚਨ ਸਿੰਘ 'ਜਗਪਾਲ' ਜਗਪਾਲਪੁਰ )

ਜੇ ਕੋਈ ਇਸਤਰੀ ਆਪਣੀ ਗੋਦੀ ਵਿਚ _ਦਰ ਬਾਲ ਦੇਖਣਾ ਚਾਹੇ ਤੇ ਉਸ ਤੋਂ ਪਹਿਲਾਂ !ਸਨੂੰ ਆਪਣੀ ਸੁੰਦਰਤਾ ਬਰਬਾਦ ਕਰਨੀ ਪੈਂਦੀ । ਮਿਟੀ ਵਿਚ ਮਿਲਕੇ ਬੀਜ ਗਲ੍ਹ ਤੇ ਜਾਂਦਾ ਹੈ ਰ ਉਹ ਬਹੁਤ ਖੂਬਸੂਰਤ ਤੇ ਮਿਠੇ ਫੁਲਾਂ ਤੇ ਲਾਂ ਨੂੰ ਜਨਮ ਦਿੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਿਖੀ ਦਾ ਬੂਟਾ ;ਾਇਆ ਉਸ ਬੂਟੇ ਦਾ ਬੀਜ ਉਹਨਾਂ ਨੇ ਖੁਦ ਕਾਲ ਪੁਰਖ ਤੋਂ ਲਿਆਂਦਾ ਸੀ ਉਹਨਾਂ ਨੇ ਉਸ ;ਟੇ ਦੀ ਕਾਫੀ ਸੇਵਾ ਕੀਤੀ ਉਹ ਬੂਟਾ ਕਾਫੀ !ਧਿਆ ਫੁਲਿਆ ਪਰ ਫਿਰ ਵੀ ਉਸਨੂੰ ਇਕ ਜਿਹੇ ਪਾਣੀ ਦੀ ਲੋੜ ਸੀ, ਜੇਹੜਾ ਪਾਣੀ ਕੋਈ ਵਰਲੀ ਕੌਮ ਹੀ ਦੇਣਾ ਜਾਣਦੀ ਹੈ ਕੌਮਾਂ ਦੇ ;ਟੇ ਉਸ ਪਾਣੀ ਨਾਲ ਪਲਦੇ ਹਨ ਜਿਹਨਾਂ ਨੂੰ ਧੇ ਲਫਜ਼ਾ ਵਿਚ ਖੂਨ (ਲਹੂ) ਕਿਹਾ ਜਾਂਦਾ ਹੈ ਕਿਉਂਕਿ ਇਹਨਾਂ ਬੂਟਿਆਂ ਤੇ ਕਈ ਅਨੋਖੇ ਝਖੜ ;ਫਾਨ ਹੜ੍ਹ ਵਾਰ ਕਰਦੇ ਹੀ ਰਹਿੰਦੇ ਹਨ ਇਸ ਰਕੇ ਹੀ ਇਸ ਨੂੰ ਪਾਣੀ ਦੀ ਬਜਾਏ ਲਹੂ ਦੀ ੋੜ ਪੈਂਦੀਏ ਕਿਉਂਕਿ ਇਸ ਨੂੰ ਇਕ ਮਜ਼ਬੂਤ ਤੇ ਖਤ ਤਣੇ ਦੀ ਲੋੜ ਹੁੰਦੀ ਏ।

ਸਮਾ ਆਪਣਾ ਪੰਧ ਮੁਕਾਂਦਾ ਗਿਆ ਤੇ ਗੁਰੂ ੀ ਬਾਣੀ ਰੂਪੀ ਅੰਮ੍ਰਿਤ ਨਾਲ ਪਾਲਿਆ ਬੂਟਾ ਵਧਦਾ ਫੁਲਦਾ ਮੌਲਦਾ ਗਿਆ ਪਰ ਜਦ ਉਸ ਨੂੰ ਸੁਹਾਵਣੇ ਫੁਲ ਲਗਣ ਦਾ ਮੌਕਾ ਆਇਆ ਤੇ ਇਕ ਏਸਾ ਝਖੜ ਆ ਦਮਕਿਆ ਤੋਂ ਜਿਸ ਨੇ ਬੂਟੇ ਨੂੰ ਜੜਾਂ ਤੋਂ ਉਖੇੜਨ ਦੀ ਕੋਸ਼ਸ਼ ਕੀਤੀ, ਪਰ ਬੂਟੇ ਨੂੰ ਲਾਉਨ ਵਾਲੇ ਬੁਜ਼ਦਿਲ ਨਹੀਂ ਸੀ ਉਹ ਖੂਨ ਦੇਣਾ ਜਾਣਦੇ ਸੀ। ਉਹਨਾਂ ਦਿਲਾਂ ਵਿਚ ਹਿੰਦੋਸਤਾਨ ਵਿਚ ਮੁਸਲਮਾਨਾਂ ਦਾ ਰਾਜ ਸੀ ਤੇ ਦਿਲੀ ਤੋ ਤਖਤ ਤੇ ਮੁਸਲਮਾਨ ਬਾਦਸ਼ਾਹ ਅਕਬਰ ਦੀ ਥਾਂ ਉਸ ਦਾ ਪੁਤਰ ਜਹਾਂਗੀਰ ਤਖਤ ਤੇ ਬੈਠਾ ਸੀ ਤੇ ਦੂਸਰੇ ਪਾਸੇ ਸਿਖੀ ਦੇ ਵਧ-ਫੁਲ ਰਹੇ ਬੂਟੇ ਦੇ ਮਾਲਕ ਦੋ ਜਹਾਂ ਵਾਲੀ, ਸ਼ਾਂਤੀ ਦੇ ਪੁੰਝ, ਸਚੇ ਪਾਤਸ਼ਾਹ ਸਿਖਾਂ ਦੇ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਰਾਜ਼ਮਾਨ ਸਨ, ਜ਼ਹਾਂਗੀਰ ਭਾਵੇਂ ਕੁਝ ਸਮਝਦਾਰ ਸੀ, ਪਰ ਆਪਣੇ ਪਿਤਾ ਨਾਲੋਂ ਘਟ ਭਾਵੇਂ ਉਹ ਆਪਣੇ ਪਿਤਾ ਕੋਲੋਂ ਇਹ ਜਾਣ ਚੁਕਾ ਸੀ ਕਿ ਇਕ ਹਿੰਦੂ ਜਾਤੀ ਵਿਚੋਂ ਇਕ ਨਾਨਕ ਸ਼ਾਹ ਫਕੀਰ ਸੀ ਜੋ ਬੜੇ ਰੱਬੀ ਭਗਤ ਤੇ ਸ਼ਕਤੀ ਵਾਲੇ ਸਨ ਉਹਨਾਂ ਦੀ ਹੀ ਬਖਸ਼ੀ ਹੋਈ ਬਾਦਸ਼ਾਹੀ ਅਸੀਂ ਭੋਗ ਰਹੇ ਹਾਂ ਤੇ ਉਸੇ ਹੀ ਗਦੀ ਤੇ ਉਹਨਾਂ ਦੀ ਪੰਜਵੀਂ ਥਾਂ ਤੇ ਇਕ ਅਰਜ਼ਨ ਨਾਮੇਂ ਹੈ ਬਾਦਸ਼ਾਹ ਦੇ ਦਿਲ ਵਿਚ ਉਸ ਚਲ ਰਹੀ ਨੂਰੀ ਬਾਦਸ਼ਾਹੀ



www.AK13.Org

ਦੇ ਦਿਲ ਵਿਚ ਉਸ ਚਲ ਰਹੀ ਨੂਰੀ ਬਾਦਸ਼ਾਹੀ ਦਾ ਸਤਿਕਾਰ ਵੀ ਸੀ ਪਰ ਦੂਸਰੇ ਪਾਸੇ ਉਹ ਗੁਰੂ ਜੀ ਦੇ ਵਿਰੋਧੀਆਂ ਪਾਸੋਂ ਉਹਨਾਂ ਦੀ ਨਿੰਦਿਆ ਦੇ ਵੀ ਕਾਫੀ ਸ਼ਬਦ ਸੁਣ ਚੁਕਾ ਸੀ। ਸਚ ਹੈ ਸਖਾਲਤ ਤੇ ਪਥਰ ਪ ੜ ਸੁਟਦੀ ਹੈ ਤੇ ਕਈ ਵਾਰੀ ਸਖਾਲਤ ਅਗੇ ਅਕਲ ਵੀ ਝੁਕ ਜਾਂਦੀ ਹੈ। ਬਾਦਸ਼ਾਹ ਜਹਾਂਗੀਰ ਇਕ ਚੰਡਾਲ ਚੌਂਕੜੀ ਦੇ ਟੇਟੇ ਚੜ ਗਿਆ ਜੇਹੜੀ ਉਸ ਨੂੰ ਸਦਾ ਹੀ ਗੁਰੂ ਜੀ ਦੀਆਂ ਝੂਠੀਆਂ ਸਚੀਆਂ ਨਾਲ ਬਾਦਸ਼ਾਹ ਦੇ ਕੰਨ ਭਰਦੇ ਸੀ ਉਸ ਚੰਡਾਲ ਚੌਕੜੀ ਵਿਚ ਚਦੂ ਜੋ ਕਿ ਅਕਬਰ ਬਾਦਸ਼ਾਹ ਦਾ ਦੀਵਾਨ ਸੀ ਤ ਗੁਰੂ ਜੀ ਨਾਲ ਇਸ ਕਰਕੇ ਲਗਦਾ ਸੀ ਕਿ ਗੁਰੂ ਜੀ ਉਸ ਦੀ ਲੜਕੀ ਦਾ ਰਿਸ਼ਤਾ ਲੈਣ ਤੋਂ ਇਨਕਾਰ ਕਰ ਦਿਤਾ ਸੀ, ਉਹ ਇਸ ਬੇਇਜ਼ਤੀ ਦਾ ਬਦਲਾ ਲੈਣਾ ਚਾਹੁੰਦਾ ਸੀ। ਦੂਸਰਾ ਪ੍ਰਿਥੀ ਚੰਦ ਸੀ ਜੋ ਗੁਰੂ ਸਾਹਿਬਾਂ ਦਾ ਵਡਾ ਭਰਾ ਸੀ ਤੇ ਗੁਰੂ ਜੀ ਤੋਂ ਗੱਦੀ ਮੰਗਦਾ ਸੀ ਤੇ ਗੁਰੂ ਜੀ ਦੇ ਵਧ ਰਹੇ ਪ੍ਰਤਾਪ ਨੂੰ ਵੇਖ ਕੇ ਸੜ ਬਲ ਰਿਹਾ ਸੀ, ਪਰ ਉਹ ਬੇਸਮਝ ਪਾਪੀ ਇਹ ਨਹੀਂ ਸੀ ਜਾਣਦਾ ਕਿ ਅਜੇਹੀ ਬੇੜੀ ਦਾ ਮਲਾਹ ਉਹੀ ਬਣ ਸਕਦਾ ਹੈ ਜੇਹੜਾ ਬੇੜੀ ਨੂੰ ਨਾਮ ਰੂਪੀ ਚੱਪੂ ਨਾਲ ਆਰ ਪਾਰ ਲਿਜਾ ਸਕਦਾ ਹੋਵੇ ਤੇ ਉਪਰ ਹੋਏ ਅਸਵਾਰਾਂ ਨੂੰ ਪਾਰ ਕਰ ਸਕਦਾ ਹੋਵੇ, ਜਿਸ ਦੇ ਪਾਪਾਂ ਦੇ ਭਾਰ ਨਾਲ ਧਰਤੀ ਵੀ ਕੰਬਦੀ ਹੋਵੇ ਉਹ ਅਜੇਹੀ ਬੇੜੀ ਨੂੰ ਪਾਣੀ ਤੇ ਕਿਵੇਂ ਤਾਰ ਸਕਦਾ ਹੈ। ਸੋ ਉਹ ਗੁਰ ਗੱਦੀ ਦੇ ਬਿਲਕੁਲ ਅਯੋਗ ਸੀ, ਤੇ ਤੀਸਰਾ ਚੰਡਾਲ ਚੌਂਕੜੀ ਦਾ ਮੈਂਬਰ ਸੁਲਹੀ ਖਾਂ ਸੀ ਜੋ ਪ੍ਰਿਥੀ ਚੰਦ ਦਾ ਮਿੱਤਰ ਸੀ ਤੇ ਚੌਥਾ ਸੁਲਹੀ ਖਾਂ ਦਾ ਭਣਵਈਆ ਸੀ, ਇਹ ਸਾਰੇ ਹੀ ਇਸ ਬੂਟੇ ਨੂੰ ਪੁਟਣਾ ਚਾਹੁੰਦੇ ਸਨ ਪਰ ਉਹ (ਵਿਚਾਰੇ ਪਾਪੀ) ਇਹ ਨਹੀਂ ਸੀ ਜਾਣਦੇ ਕਿ ਜਿਸ ਬੂਟੇ ਦੀਆਂ ਜੜ੍ਹਾਂ ਉਸ ਸਰਬ-ਵਿਆਪਕ ਅਕਾਲ ਪੁਰਖ ਦੇ ਪਵਿਤਰ ਚਰਨਾਂ ਚੋਂ ਨਿਕਲਦੀਆਂ ਹਨ, ਉਸਨੂੰ ਪੁਟਣ ਦੀ ਤਾਕਤ ਇਸ ਚੰਡਾਲ ਚੌਂਕੜੀ ਵਿਚ ਤੇ ਕੀ ਦੁਨੀਆਂ ਵਿਚ ਵੀ ਨਹੀਂ ਸੀ।

ਫਿਰ ਇਕ ਵਾਰ ਬਾਦਸ਼ਾਹ ਜਹਾਂਗੀਰ ਕਸ਼ਮੀਰ ਨੂੰ ਜਾਂਦਾ ਹੋਇਆ ਰਸਤੇ ਵਿਚ ਲਾਹੌਰ ਠਹਿਰਿਆ ਇਹੋ ਹੀ ਮੌਕਾ ਵੈਰੀਆਂ ਨੇ ਗੁਰੂ ਸਾਹਿਬਾਂ ਦੀ ਸ਼ਕਾਇਤ ਕਰਨ ਲਈ ਚੰਗਾ ਸਮਝਿਆ ਚੰਦੂ ਨੇ ਆਪਣੀ ਬਇਜ਼ਤੀ ਦਾ ਬਦਲਾ ਲੈਣ ਲਈ ਤੇ ਚੰਦੂ ਨੇ ਗੁਰਗਦੀ ਲੈਣ ਲਈ ਆਪਣੇ ਦੂਸਰੇ ਸਾਥੀਆਂ ਨੂੰ ਨਾਲ ਲੈਕੇ ਬਾਦਸ਼ਾਹ ਕੋਲ ਸ਼ਕਾਇਤ ਕੀਤੀ ਕਿ ਇਥੋਂ ਥੋੜੀ ਹੀ ਦੂਰ ਇਕ ਫ਼ਕੀਰ ਰਹਿੰਦਾ ਹੈ ਜਿਸਦਾ ਨਾਮ ਅਰਜਨ ਹੈ ਤੇ ਗੁਰੂ ਸਦਾਉਂਦਾ ਹੈ ਉਹ ਬਾਬੇ ਨਾਨਕ ਸ਼ਾਹ ਦੀ ਗਦੀ ਤੇ ਪੰਜਵੇਂ ਥਾਂ ਹੈ ਉਸ ਨੇ ਸਰਕਾਰ ਦੇ ਬਾਗੀ ਸ਼ਾਹਜ਼ਾਦਾ ਖੁਸਰੋ ਨੂੰ ਪਨਾਹ ਦਿਤੀ ਹੈ ਤੇ ਉਸ ਨੂੰ ਭਜਣ ਵਾਸਤੇ ਰਸਤੇ ਦਾ ਖਰਚ ੫੦੦੦ ਰੁਪਿਆ ਦਿਤਾ ਹੈ ਤੇ ਆਪਦੇ ਵਿਰੁਧ ਦੂਸਰੀ ਸ਼ਕਾਇਤ ਇਹ ਸੀ ਕਿ ਆਪ ਨੇ ਇਕ ਗ੍ਰੰਥ ਲਿਖਿਆ ਹੈ ਜਿਸ ਵਿਚ ਇਸਲਾਮ ਮਤ ਦੀ ਨਿੰਦਿਆ ਕੀਤੀ ਹੈ ਅਤੇ ਉਸ ਵਿਚ ਹਜ਼ਰਤ ਮੁਹੰਮਦ ਦੀ ਕੋਈ ਸਿਫ਼ਤ ਨਹੀਂ ਲਿਖੀ ਉਹ ਇਹ ਨਾ ਸਮਝ ਸਕੇ ਕਿ ਗੁਰੂ ਸਚੇ ਪਾਤਸ਼ਾਹ ਦਾ ਦਰ ਸਭ ਲਈ ਸਾਂਝਾ ਹੈ ਇਥੇ ਹਰ ਇਕ ਗਰੀਬ ਅਮੀਰ, ਰੋਗੀ ਅਰੋਗੀ, ਵੈਰੀ, ਮਿਤਰ ਦੁਖੀਏ ਸੁਖੀਏ ਨੂੰ ਸਤਿਕਾਰਿਆ ਜਾਂਦਾ ਹੈ ਭਾਵੇਂ ਸ਼ਹਿਜ਼ਾਦਾ ਖੁਸਰੋ ਮੁਸਲਮਾਨ


www.AKJ.org

ਸੀ ਤੇ ਸਰਕਾਰ ਦਾ ਬਾਗੀ ਸੀ ਪਰ ਉਹ ਨਿਮਾਣਾ ਹੋਕੇ ਸਾਰੇ ਪਾਸਿਉਂ ਬੇਆਸ ਹੋਕੇ ਸੁਹਾਵਣੀ ਸਚੀ ਮੁਚੀ ਸਭਾ ਵਿਚ ਆਇਆ ਉਸ ਨੂੰ ਇਕ ਨਾਨਕ ਦਾ ਦਰ ਹੀ ਆਸਰੇ ਵਾਸਤੇ ਲੱਭਾ ਤੇ ਠੀਕ ਹੀ ਉਥੇ ਉਸ ਨੂੰ ਆਸਰਾ ਮਿਲ ਗਿਆ।

ਬਾਕੀ ਦੂਸਰੇ ਦੋਸ਼ ਮੁਤਾਬਕ ਵੀ ਉਹ ਗਲਤ ਮਣ ਉਹ ਇਸ ਨੂੰ ਵੀ ਨਹੀਂ ਸੀ ਸਮਝਦੇ ਕਿ ਗੁਰੂ ਜੀ ਨੇ ਉਹ ਇਕ ਗ੍ਰੰਥ ਹੀ ਨਹੀਂ ਬਣਾਇਆ ਉਹ ਕਲਜੁਗੀ ਜੀਵਾਂ ਵਾਸਤੇ ਇਕ ਐਸਾ ਜਹਾਜ਼ ਬਣਾਇਆ ਹੈ ਜਿਸ ਉਪਰ ਚੜ ਅਸੰਖਾਂ ਕਰੋੜਾਂ ਹੀ ਪਾਪੀ ਤੇ ਧਰਮੀ ਅਸਵਾਰ ਹੋ ਕੇ ਉਸ ਭਵ-ਸਾਗਰ ਤੋਂ ਪਾਰ ਹੋ ਸਕਦੇ ਹਨ ਜਿਸ ਵਿਚ ਅਗੇ ਕਰੋੜਾਂ ਹੀ ਪਾਪੀ ਜੀਵ, ਬਹੁਤ ਬੁਰੀ ਤਰ੍ਹਾਂ ਗੋਤੇ ਖਾ ਰਹੇ ਤੇ ਉਹਨਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆਉਂਦਾ ਸੋ ਉਸ ਜਹਾਜ਼ ਵਿਚ ਉਹੀ ਵਡਮੁਲਾ ਸਮਾਨ ਲਗ ਸਕਦਾ ਸੀ ਜੇਹੜਾ ਭਵ ਸਾਗਰ ਦੇ ਅਨੋਖੇ ਪਾਣੀ ਤੇ ਖੁਦ, ਆਪ ਤਰ ਸਕਦਾ ਸੀ ਤੇ ਉਪਰ ਚੜੇ ਸਵਾਰਾਂ ਨੂੰ ਵੀ ਪਾਰ ਕਰ ਸਕਦਾ ਸੀ ਤੇ ਉਹਨਾਂ ਪਾਪੀਆਂ ਦਾ ਭਾਰ ਜਿਹਨਾਂ ਦੇ ਪੈਰਾਂ ਥਲੇ ਧਰਤੀ ਕੰਬਦੀ ਹੈ ਚੁਕ ਕੇ ਬੜੀ ਅਸਾਨੀ ਨਾਲ ਪਾਰ ਕਰ ਸਕਦਾ ਸੀ ਤੇ ਉਹ ਵਿਚਾਰਾ ਹਜ਼ਰਤ ਉਸ ਵਿਚ ਲਗਣ ਜੋਗ ਸਮਾਨ ਵਿਚ ਨਹੀਂ ਸੀ। ਤੇ ਉਸ ਵਿਚ ਹਜ਼ਰਤ ਮੁਹੰਮਦ ਦੀ ਸਿਫਤ ਕਿਧਰੋਂ ਲਿਖ ਦਿੰਦੇ ਜਿਸ ਵਿਚ ਛੁਟ ਅਕਾਲਪੁਰਖ ਦੀ ਸਿਫਤ ਤੋਂ ਹੋਰ ਕਿਸੇ ਦੀ ਵੀ ਸਿਫਤ ਨਹੀਂ ਸੀ ਲਿਖੀ ਗਈ ਤੇ ਹਜ਼ਰਤ ਸਾਹਿਬ ਨੂੰ ਉਸ ਜਗਾ ਵਿਚ ਕਿਲਾਂ ਦੇ ਰੂਪ ਵਿਚ ਵੀ ਨਹੀਂ ਸੀ ਵਰਤਣਾ ਚਾਹੁੰਦੇ। ਸੋ ਗੁਰੂ ਜੀ ਤੇ ਲਾਏ ਗਏ ਦੋਸ਼ਾਂ ਦੀ ਪੜਤਾਲ ਕਰਨ ਲਈ ਗੁਰੂ ਸਾਹਿਬ ਨੂੰ ਬਾਦਸ਼ਾਹ ਨੇ ਲਾਹੌਰ ਸਦਿਆ ਤੇ ਉਹਨਾਂ ਨੂੰ ਦੋਵੇਂ ਪ੍ਰਸ਼ਨ ਕੀਤੇ ਕਿ ਆਪ ਨੇ ਬਾਗੀ ਖੁਸਰੋ ਦੀ ਹਮਾਇਤ ਕਿਉਂ ਕੀਤੀ ਹੈ ਤੇ ਨਾਲ ਹੀ ਆਪ ਨੇ ਆਪਣੀ ਕਿਤਾਬ ਵਿਚ ਹਜ਼ਰਤ ਦੀ ਸਿਫਤ ਕਿਉਂ ਨਹੀਂ ਲਿਖੀ ਗੁਰੂ ਸਾਹਿਬਾਂ ਨੇ ਬਿਲਕੁਲ ਨਿਰਭੈ ਹੋ ਕੇ ਉਹਨਾਂ ਦੇ ਉਤਰ ਦਿਤੇ ਜਿਹੜੇ ਬਾਦਸ਼ਾਹ ਨੂੰ ਲਗੀ ਅਗ ਤੇ ਤੇਲ ਦਾ ਕੰਮ ਕਰ ਗਏ ਬਾਦਸ਼ਾਹ ਨੇ ਗੁਸੇ ਵਿਚ ਆਕੇ ਆਪ ਨੂੰ ਕਿਹਾ ਕਿ ਬਾਗੀ ਖੁਸਰੋ ਨੂੰ ਪਨਾਹ ਦੇਣ ਦੇ ਦੋਸ਼ ਵਿਚ ਆਪ ਨੂੰ ਦੋ ਲਖ ਦੀ ਚਟੀ ਦੇਣੀ ਪਵਗੀ ਜਿਸ ਤੇ ਗੁਰੂ ਜੀ ਨੇ ਸਾਰਾ ਧੰਨ ਸੰਗਤ ਦਾ ਜਾਣ ਕੇ ਚਟੀ ਦੇਣ ਤੋਂ ਇਨਕਾਰ ਕਰ ਦਿਤਾ ਤੇ ਮੁਹੰਮਦ ਦੀ ਸਿਫ਼ਤ ਲਿਖਣ ਤੋਂ ਵੀ ਇਨਕਾਰ ਕਰ ਦਿਤਾ।

ਬਾਦਸ਼ਾਹ ਨੇ ਗੁਰੂ ਸਾਹਿਬਾਂ ਨੂੰ ਚੰਦੂ ਦੇ ਹਵਾਲੇ ਕਰ ਦਿਤਾ ਤੇ ਆਪ ਕਸ਼ਮੀਰ ਨੂੰ ਚਲਾ ਗਿਆ ਜਿਸ ਤੇ ਚੰਦੂ ਨੇ ਆਪਣੀ ਬੇਇਜ਼ਤੀ ਦਾ ਬਦਲਾ ਲੈਣ ਖਾਤਰ ਗੁਰੂ ਸਾਹਿਬਾਂ ਨੂੰ ਸਖਤ ਤਸੀਹੇ ਦੇਣ ਦਾ ਇਰਾਦਾ ਬਣਾਇਆ। ਉਸਨੇ ਆਪਣੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਗੁਰੂ ਸਾਹਿਬ ਤੇ ਉਸ ਦੇ ਸਿਖਾਂ ਨੂੰ ਬਿਲਕੁਲ ਵਖ ਵਖ ਕਰ ਦਿਉ ਤੇ ਇਹਨਾਂ ਨੂੰ ਕੁਝ ਵੀ ਖਾਣ ਵਾਸਤੇ ਨਹੀਂ ਦੇਣਾ ਤੇ ਨਾ ਹੀ ਸੌਣ ਦੇਣਾ ਹੈ। ਸਿਪਾਹੀਆਂ ਨੇ ਇਸੇ ਤਰ੍ਹਾਂ ਕੀਤਾ ਤੇ ਜਦ ਸਵੇਰ ਨੂੰ ਚੰਦੂ ਆਇਆ ਤੇ ਗੁਰੂ ਸਾਹਿਬਾਂ ਨੂੰ ਕਹਿਣ ਲਗਾ ਕਿ ਹਾਲੇ ਕੁਝ ਨਹੀਂ ਵਿਗੜਿਆ ਤੇ ਹੁਣ ਕੋਈ ਫ਼ਰਕ ਨਹੀਂ ਪੈਂਦਾ ਜੇ ਤੁਸੀਂ ਮੁਹੰਮਦ ਸਾਹਿਬ ਦੇ ਚਾਰ ਅੱਖਰ ਗ੍ਰੰਥ ਵਿਚ ਲਿਖ ਦਿਓ ਤੇ ਮੇਰੀ ਲੜਕੀ ਦਾ ਸਾਕ ਲੈ ਲਓ, ਪਰ ਗੁਰੂ


www.AKJ.Org

ਸਾਹਿਬ ਨੇ ਉਸੇ ਤਰਾਂ ਜਵਾਬ ਦਿਤਾ ਕਿ ਚੰਦੂ ਇਹ ਦੋਵੇਂ ਗਲਾਂ ਹੀ ਸਾਨੂੰ ਮਨਜ਼ੂਰ ਨਹੀਂ ਤੂੰ ਜੋ ਵੀ ਕਰਨਾ ਚਾਹੇਂ ਕਰ ਲੈ। ਚੰਦੂ ਨੇ ਗੁਰੂ ਜੀ ਤੇ ਰਤਾ ਵੀ ਤਰਸ ਨਾ ਖਾਧਾ ਤੇ ਉਸੇ ਤਰਾਂ ਭੁਖਿਆਂ ਪਿਆਸਿਆਂ ਨੂੰ ਪਾਣੀ ਦੀਆਂ ਉਬਲਦੀਆਂ ਦੇਗਾਂ ਵਿਚ ਬਿਠਾਲਣ ਲਈ ਹੁਕਮ ਦੇ ਦਿਤਾ। ਗੁਰੂ ਸਾਹਿਬ ਹਸ ਕੇ ਉਬਲਦੀ ਦੇਗ ਵਿਚ ਬੈਠ ਗਏ ਤੇ ਰਬ ਦੇ ਭਾਣੇ ਨੂੰ ਮਿਠਾ ਕਰ ਕੇ ਮੰਨਣ ਲਗੇ। ਦੂਸਰੇ ਦਿਨ ਜਦ ਚੰਦੂ ਆਇਆ ਤੇ ਫਿਰ ਗੁਰੂ ਜੀ ਨੂੰ ਉਸ ਤਰਾਂ ਕਰਨ ਲਈ ਕਿਹਾ ਗੁਰੂ ਜੀ ਚੁਪ ਰਹੇ ਤੇ ਚੰਦੂ ਨੇ ਗੁਰੂ ਜੀ ਉਪਰ ਤਤੇ ਰੇਤੇ ਦੇ ਕੜਛੇ ਪਾਉਣ ਲਈ ਹੁਕਮ ਦੇ ਗਿਆ। ਸਚ ਮੁਚ ਹੀ ਪਾਪੀਆਂ ਦੇ ਦਿਲ ਪੱਥਰ ਹੁੰਦੇ ਹਨ, ਰੇਤੇ ਨੂੰ ਅਗ ਨਾਲ ਲਾਲ ਕਰਕੇ ਗੁਰੂ ਜੀ ਦੇ ਉਤੇ ਪਾਉਣਾ ਸ਼ੁਰੂ ਕਰ ਦਿਤਾ।

ਰਾਤ ਕੱਟਣ ਤੋਂ ਬਾਦ ਫਿਰ ਚੰਦੂ ਆਇਆ ਤੇ ਫਿਰ ਪਹਿਲੀਆਂ ਗੱਲਾਂ ਮੰਨਣ ਲਈ ਕਿਹਾ, ਗੁਰੂ ਜੀ ਵਲੋਂ ਤੇ ਪਹਿਲਾਂ ਹੀ ਜੁਆਬ ਸੀ ਤੇ ਉਹਨਾਂ ਨੇ ਚੰਦੂ ਨੂੰ ਉਸੇ ਤਰਾਂ ਕਿਹਾ ਕਿ ਚੰਦੂ ਤੇਰੀ ਦਾਲ ਨਹੀਂ ਗਲਣੀ। ਸਚ ਹੈ 'ਜ਼ੁਲਮ ਨਾਲ ਮੱਥਾ ਵੀ ਸੂਰਮੇ ਤੇ ਦ੍ਰਿੜ ਇਰਾਦੇ ਵਾਲੇ ਹੀ ਲਾ ਸਕਦੇ ਹਨ' ਚੰਦੂ ਫਿਰ ਵੀ ਆਪਣੇ ਜ਼ੁਲਮਾਂ ਤੋਂ ਨਹੀਂ ਹਟਿਆ ਤੇ ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬਿਠਾਉਣ ਦਾ ਹੁਕਮ ਦੇ ਦਿਤਾ। ਘਟ ਘਟ ਦੇ ਜਾਨਣਹਾਰ ਤੇ ਸ਼ਮਾਂ ਤੇ ਸੜਨ ਵਾਲੇ ਪਰਵਾਨੇ, ਕੌਮ ਦੇ ਬੂਟੇ ਨੂੰ ਲਹੂ ਦੇਣ ਵਾਲੇ ਸੂਰਮੇ ਕਦ ਡੋਲ ਸਕਦੇ ਸਨ, ਗੁਰੂ ਜੀ ਉਸੇ ਤਰਾਂ ਚੌਕੜਾ ਮਾਰ ਕੇ ਤਵੀ ਉਤੇ ਬੈਠ ਗਏ। ਚੰਦੂ ਦੇ ਜ਼ੁਲਮਾਂ ਦੀਆਂ ਧੁੰਮਾਂ ਸਾਰੇ ਜਹਾਨ ਵਿਚ ਫੈਲ ਗਈਆਂ, ਸਾਰੀ ਖ਼ਲਕਤ ਤ੍ਰਾਹ ਤ੍ਰਾਹ ਕਰ ਉਠੀ। ਉਸ ਦੇ ਜ਼ੁਲਮਾਂ ਨੂੰ ਸੁਣਕੇ ਸਾਈਂ ਮੀਆਂ ਮੀਰ ਜੋ ਕਿ ਗੁਰੂ ਜੀ ਦਾ ਸਚਾ ਸੇਵਕ ਸੀ ਤੇ ਜਾਤ ਦਾ ਮੁਸਲਮਾਨ ਸੀ, ਗੁਰੂ ਜੀ ਦੇ ਅੰਤਮ ਦਰਸ਼ਨਾਂ ਨੂੰ ਆਇਆ, ਆਪ ਦੀ ਹਾਲਤ ਵੇਖ ਕੇ ਬਹੁਤ ਦੁਖੀ ਹੋਇਆ ਤੇ ਕਹਿਣ ਲਗਾ ਕਿ ਐ ਸਚੇ ਪਾਤਸ਼ਾਹ ਆਪ ਇਸ ਦੀਨ ਦੁਨੀਆਂ ਦੇ ਮਾਲਕ ਹੋ, ਆਪ ਸ਼ਹਿਨਸ਼ਾਹ ਹੋ, ਆਪ ਸਾਰੀ ਦੁਨੀਆਂ ਨੂੰ ਭਸਮ ਕਰ ਸਕਦੇ ਹੋ, ਤੇ ਕੀ ਇਹ ਚੰਡਾਲ ਚੌਂਕੜੀ ਨੂੰ ਤੁਸੀਂ ਕਿਉਂ ਨਹੀਂ ਨਸ਼ਟ ਕਰ ਦਿੰਦੇ ਆਪ ਇਤਨੇ ਕਸ਼ਟ ਕਿਸ ਲਈ ਸਹਿ ਰਹੇ ਹੋ।

ਸਾਂਈਂ ਜੀ ਰੱਬ ਦੀ ਰਜ਼ਾ ਵਿਚ ਰਹਿਣਾ ਹੀ ਇਨਸਾਨ ਦਾ ਫਰਜ਼ ਹੈ ਤੇ ਇਹ "ਕਰਾਮਾਤ ਕਹਿਰ ਦਾ ਨਾਮ ਹੈ।'

ਅਸੀਂ ਅਕਾਲ ਪੁਰਖ ਦਾ ਭਾਣਾ ਮਨਣਾ ਹੈ ਅਸੀਂ ਉਸ ਭਾਣੇ ਵਿਚ ਮਸਤ ਰਹਿਣਾ ਹੈ ਕੀ ਹੋਇਆ ਜੇ ਇਹ ਪਾਪੀ ਦੁਨੀਆਂ ਵਿਚ ਰਹਿਣ ਵਾਲਾ ਸਰੀਰ ਜੇਹੜਾ ਇਕ ਛਿਨ ਵਿਚ ਮਿਟੀ ਬਣ ਜਾਂਦਾ ਹੈ। ਪਰ ਪਿਆਰੇ ਸਾਡੀ ਆਤਮਾ ਬਿਲਕੁਲ ਸ਼ਾਂਤ ਤੇ ਸੁਖੀ ਹੈ। ਸਾਨੂੰ ਇਹਨਾਂ ਦੇ ਦਿਤੇ ਜਾ ਰਹੇ ਦੁਖਾਂ ਦੀ ਰਤਾ ਪਰਵਾਹ ਨਹੀਂ ਪ੍ਰਭੂ ਦੇ ਭਾਣੇ ਵਿਚ ਲੀਣ ਹੈ ਇਸੇ ਕਰਕੇ ਹੀ ਸੁਖੀ ਹੈ ਇਹ ਪਾਪੀ ਮੇਰੀ ਆਤਮਾ ਤੇ ਵਾਰ ਨਹੀਂ ਕਰ ਸਕਦੇ ਤੁਸੀਂ ਜਾਉ ਤੇ ਬੇ ਫਿਕਰ ਰਹੋ ਮੈਨੂੰ ਕੋਈ ਕਸ਼ਟ ਨਹੀਂ।

ਜਦ ਨੂੰ ਚੰਦੂ ਇਹ ਆ ਧਮਕਿਆ ਚੰਦੂ ਦਾ ਜ਼ੋਰ ਲਗ ਚੁਕਾ ਸੀ ਪਰ ਉਹ ਹਾਲੇ ਵੀ ਦਿਲ 'ਚ ਆਸ ਰਖਦਾ ਸੀ ਕਿ ਗੁਰੂ ਜੀ ਮਨ ਜਾਣਗੇ ਪਰ ਗੁਰੂ ਜੀ ਅਡੋਲ ਸਨ ਚੰਦੂ ਸਾਰਾ ਜ਼ੋਰ ਲਾ ਚੁਕਾ*


www.AKJ.org

# ...ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਦਕਾ

( ਭਾਈ ਸੇਵਾ ਸਿੰਘ ਜੀ ਆਸੀ N.P.C.C. ਚਨੇਨੀ )

ਲੋਕੀ ਲੋਕਾਂ ਦਾ ਸਭ ਕੁਝ ਆਪਣੇ ਵਲ ਖਿੱਚਦੇ ਹਨ ਪਰ ਆਪਣਾ ਸਭ ਕੁਝ ਲੋਕਾਂ ਦੀ ਖਾਤਰ ਵਾਰ ਦਣਾ ਗੁਰੂ ਨਾਨਕ ਦੇ ਘਰ ਦੀ ਸਿੱਖੀ ਹੈ ਅਤੇ ਇਹੀ ਸਿੱਖੀ ਜੀਵਨ ਦਾ ਇਕ ਪੱਖ। ਸਿੱਖ ਧਰਮ ਦੇ ਦੋ ਪੱਖ ਹਨ। ਭਗਤੀ ਕਰਕੇ ਆਪਣੇ ਅੰਦਰ ਇਤਨੀ ਸ਼ਕਤੀ ਪੈਦਾ ਕਰ ਲੈਣੀ ਕਿ ਆਤਮਾ ਤੇ ਪ੍ਰਮਾਤਮਾ ਵਿਚੋਂ ਕੂੜ ਦੀ ਪਾਲ ਢਾਹ ਦੇਣੀ ਅਤੇ ਸ਼ਕਤੀ ਦੀ ਵਰਤੋਂ ਐਸੇ ਢੰਗ ਨਾਲ ਕਰਨੀ ਕਿ ਸਭ ਕੁਝ ਵਾਰ ਕੇ ਭੀ ਭਗਤੀ ਨੂੰ ਘਟਨ ਨ ਦੇਣਾ। ਭਾਵ ਭਗਤੀ ਸ਼ਕਤੀ ਲਈ ਹੈ ਅਤੇ ਸ਼ਕਤੀ ਭਗਤੀ ਲਈ ਤੇ ਬਸ ਇਹੀ ਸਿਖੀ ਜੀਵਨ ਹੈ।

ਸਿੱਖੀ ਦੀ ਪਹਿਲੀ ਮੰਜ਼ਲ ਹੈ ਭਗਤੀ। ਦੁਖ ਭੁਖ ਤੇ ਸਦ ਤੇ ਮਾਰ ਨੂੰ ਭੀ ਉਹਦੀ ਦਾਤ ਸਮਝਣਾ ਹਰ ਔਕੜ ਨੂੰ ਉਸ ਦੀ ਰਜ਼ਾ ਸਮਝ ਕੇ ਹੱਸਦਿਆਂ ਹੱਸਦਿਆਂ ਪ੍ਰਵਾਨ ਕਰਨਾ। ਇਸ ਨੂੰ ਟਾਲਣ ਲਈ ਅਰਦਾਸ ਨਾ ਕਰਨੀ, ਹਾਇ ਨਾ ਕਰਨੀ, ਉਫ ਨਾ ਕਹਿਣਾ, ਤੇ ਆਪਣੇ ਮਾਹੀ ਤੋਂ ਉਸ ਦਾ ਪਿਆਰ ਤੇ ਨਾਮ ਹੀ ਮੰਗਣਾ। ਖਿੜੇ ਮੱਥੇ ਆਪਣਾ ਸਰੀਰ ਤੱਕ ਵਾਰ ਦੇਣਾ ਇਸ ਮੰਜ਼ਲ ਦਾ ਆਖਰੀ ਪੜਾਂ ਹੈ।

ਕਿਸੇ ਗੱਲ ਨੂੰ ਕਹਿ ਲੈਣਾ ਬਹੁਤ ਸੌਖਾ ਹੈ ਪਰ ਕਰਕੇ ਵਖਾਣਾ ਬਹੁਤ ਔਖਾ ਹੈ ਜਿਹੜਾ ਉਹ ਕੁਝ ਕਰ ਗੁਜ਼ਰਦਾ ਹੈ ਜਿਸ ਤੋਂ ਦੁਨੀਆਂ ਘਬਰਾਂਦੀ ਹੈ।

ਤੈਸਾ ਹਰਖੁ ਤੈਸਾ ਉਸ ਸੋਗੁ।
ਸਦਾ ਅਨੰਦੁ ਤਹ ਨਹੀ ਬਿਓਗੁ।

ਸੁਖਮਨੀ ਸਾਹਿਬ ਵਿਚ ਉਚਾਰਨ ਕੀਤਾ ਤੇ

---

*ਸੀ ਹੁਣ ਉਹ ਕੀ ਕਰ ਸਕਦਾ ਸੀ ਅਖੀਰ ਹੁਣ ਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਦੀ ਚਾਹ ਪ੍ਰਗਟ ਕੀਤੀ ਚੰਦੂ ਮਨ ਗਿਆ ਸ਼ਾਇਦ ਇਸ ਕਰਕੇ, ਕਿ ਜਿਉਂ ਹੀ ਇਹਨਾਂ ਦੇ ਸਰੀਰ ਤੇ ਠੰਡਾ ਪਾਨੀ ਲਗੇਗਾ ਤੇ ਇਹਨਾਂ ਦਾ ਕਸ਼ਟ ਹੋਰ ਵਧੇਗਾ ਉਸ ਨੇ ਸਿਪਾਹੀਆਂ ਨੂੰ ਗੁਰੂ ਜੀ ਦੇ ਨਾਲ ਜਾਣ ਲਈ ਕਿਹਾ ਕਿ ਇਹਨਾਂ ਨੂੰ ਇਸ਼ਨਾਨ ਕਰਵਾ ਲਿਆਓ ਗੁਰੂ ਜੀ ਨੇ ਆਪਣੇ ਸਿਖਾਂ ਨੂੰ ਨਾਲ ਲੈ ਲਿਆ ਤੇ ਰਾਵੀ ਵਲ ਨੂੰ ਤੁਰ ਪਏ ਪਰ ਇਹ ਸਮਾਂ ਬੜਾ ਨਾਜ਼ਕ ਤੇ ਦੁਖ ਭਰਿਆ ਸੀ ਇਹ ਅਨੋਖੀ ਘੜੀ ਇਤਨੀ ਦੁਖਦਾਈ ਸੀ ਜਿਸ ਦਾ ਕੋਈ ਅੰਤ ਨਹੀਂ ਪਰ ਗੁਰੂ ਜੀ ਸ਼ਾਂਤ ਸਨ। ਅਖ਼ੀਰ ਰਾਵੀ ਵੀ ਆ ਗਈ। ਆਪ ਨੇ ਰਾਵੀ ਤੇ ਇਸ਼ਨਾਨ ਕੀਤਾ ਤੇ ਅਲੋਪ ਹੋ ਗਏ। ਆਪ ਸਿਖ ਇਤਿਹਾਸ ਵਿਚ ਜਾਣ ਪਾ ਗਏ ਸਿਖੀ ਵਿਚ ਸ਼ਹੀਦੀ ਲੀਹ ਤੋਰ ਗਏ ਤਦ ਹੀ ਆਪਨੂੰ ਸ਼ਹੀਦਾਂ ਦੇ ਸਿਰਤਾਜ ਦੀ ਪਦਵੀ ਦਿਤੀ ਜਾਂਦੀ ਹੈ।

ਠੀਕ ਹੀ ਹੈ:—

'ਸਚੇ ਸ਼ਹੀਦਾਂ ਦੇ ਖ਼ੂਨ ਦੀ ਇਕ ਬੂੰਦ ਸੈਂਕੜੇ ਸ਼ਹੀਦਾਂ ਨੂੰ ਜਨਮ ਦਿੰਦੀ ਹੈ।'



www.AKJ.Org

ਸਮਾਂ ਆਉਣ ਤੇ ਦੱਸ ਦਿੱਤਾ ਕਿ—

"ਬ੍ਰਹਮ ਗਿਆਨੀ ਸਦਾ ਨਿਰਲੇਪ" ਹੈ। ਉਸ ਵਾਸਤੇ ਸ੍ਰੀ ਅੰਮ੍ਰਿਤਸਰ ਤੇ ਅੰਮ੍ਰਿਤ ਸਰੋਵਰ ਦੀਆਂ ਠੰਢਾਂ ਤੇ ਲਾਹੌਰ ਸ਼ਹਿਰ ਦੀ ਗੁੰਮ ਹਵੇਲੀ ਵਿਚ ਤਪਦੀਆਂ ਲੋਹਾਂ ਦੇ ਆਸਨ ਬਰਾਬਰ ਹੀ ਹਨ ਅਤੇ ਇਨ੍ਹਾਂ ਉਪਰ ਭੀ ਸਦਾ ਅਨੰਦ ਹੀ ਹੈ।

ਕਿਤਨਾ ਦਰਦਨਾਕ ਦ੍ਰਿਸ਼ ਹੋਵੇਗਾ ਅਤੇ ਕਿਤਨਾ ਵੱਡਾ ਜਿਗਰਾ ਹੋਵੇਗਾ ਗੁਰੂ ਅਰਜਨ ਦੇਵ ਜੀ ਦਾ, ਜਿਨ੍ਹਾਂ ਦੇ ਚਿਹਰੇ ਦਾ ਕੰਵਲ ਅਡੋਲ ਖਿੜਿਆ ਰਿਹਾ ਹੋਵੇਗਾ। ਚੁਲ੍ਹਾ ਹੈਰਾਨ, ਭਖਿੜ ਹੈਰਾਨ, ਲੋਹਾ ਹੈਰਾਨ, ਭਠਿਆਰੇ ਤੇ ਅਜਮਤਾ ਦੇ ਮਾਲਕ ਸਾਈਂ ਮੀਆਂ ਮੀਰ ਜੀ ਹੈਰਾਨ ਕਿ ਫੁਲ ਕੁਮਲਾਂਦਾ ਕਿਉਂ ਨਹੀਂ ?

ਨਾ ਕੋਈ ਸਰਾਪ ਹਕੂਮਤ ਨੂੰ, ਨਾ ਕੋਈ ਬਦ ਅਸੀਸ ਜਹਾਂਗੀਰ ਨੂੰ ਨਾ ਕੋਈ ਰੋਸ ਕੜਛੇ ਪਾਣ ਵਾਲੇ ਉਤੇ ਅਤੇ ਨਾ ਕੋਈ ਗਿਲਾ ਪ੍ਰਿਥੀਏ ਅਤੇ ਚੰਦੂ ਤੇ।

ਇਉਂ ਅਡੋਲ ਜਿਵੇਂ ਕੁਝ ਹੋ ਹੀ ਨਹੀਂ ਰਿਹਾ, ਇਹ ਕੋਈ ਖਾਸ ਘਟਨਾ ਹੀ ਨਹੀਂ, ਦੇਖ ਕੇ ਅਣਡਿਠ ਕਰਨ ਵਾਲੀ ਗੱਲ ਹੈ ? ਗੱਲ ਦੁਹਰਾਂਦੇ ਹੀ ਨਹੀਂ।

ਸਰੀਰ ਨੂੰ ਕਸ਼ਟ ਪਹੁੰਚੇ ਤਾਂ ਮਨ ਕਲਪਦਾ ਹੈ ਪਰ ਇਸ ਪ੍ਰਤੱਖ ਰੂਪ ਦਾ ਸਰੀਰ ਉਜਲ ਰਿਹਾ ਮਨ ਨੂੰ ਪਤਾ ਹੀ ਨਹੀਂ ਆਤਮਾ ਉਵੇਂ ਜੁੜੀ ਹੈ ਸੁਰਤੀ ਵਿਚ, ਆਪਣੇ ਪ੍ਰੀਤਮ-ਮਿਲਾਪ ਵਿਚ, ਜਿਵੇਂ ਦੁਖ ਦੇਣ ਵਾਲੇ ਖਿੱਝਦੇ ਹੋਣਗੇ,ਵੇਖ ਵੇਖਕੇ। ਵਕਾਰ ਦਾ ਸੁਆਲ ਬਣ ਗਿਆ ਖਲਾਸੀ ਕਿਵੇਂ ਕਰਾਈਏ। ਤੱਕਦੇ ਰਹਿ ਗਏ ਨਾਲ ਲੈਕੇ ਆਉਣ ਵਾਲੇ ਪਹਿਰੇਦਾਰ ਢੈ ਪਏ ਕਈ ਕੁਰਲਾਂਦੇ ਦਿਲ ਤੇ ਵਹਿ ਤੁਰੀਆਂ ਕਈ ਰਾਵੀਆਂ ਸੈਜਲ ਨੇਤਰ ਵਿਚੋਂ, ਜਿਨ੍ਹਾਂ ਨੂੰ ਵਿਛੋੜਾ ਦੇ ਗਏ, ਅਕਾਲ ਨਾਲ ਮਿਲਾਣ ਵਾਲੇ......

ਲਾਹੌਰ ਕੰਬਿਆ, ਧਰਤ ਕੰਬੀ, ਅਰਸ਼ ਕੰਬੇ ਤੇ ਫਰਯਾਦਾਂ ਪਹੁੰਚੀਆਂ, ਧੁਰ ਦਰਗਾਹ ਵਿਚ ਕਿ ਤੇਰੇ ਬੰਦੇ ਇਸ ਤਰ੍ਹਾਂ ਦਿਨ ਦਿਹਾੜੇ ਕੋਹੇ ਜਾਂਦੇ ਨੇ ਤੇ ਝੁਲਸੇ ਜਾਂਦ ਨੇ ਕੁਝ ਉਪਾ ਕਰੋ—ਤੇਰੇ ਘਰ ਦੇਰ ਹੈ ਹਨੇਰ ਨਹੀਂ ਕਰਨੀ ਦਾ ਫਲ ਜਾਬਰ ਨੂੰ ਭੁਗਤਾਏਗਾ ਸਮਾਂ ਆਉਣ ਤੇ, ਪਰ ਜਿਹੜਾ ਤੇਰਾ ਹੋ ਜਾਵੇ ਉਹਨੂੰ ਤੇਰੇ ਰਾਜ ਵਿਚ ਇੰਨੀ ਬੇਦਰਦੀ ਨਾਲ ਕੋਹਿਆ ਜਾਵੇ। ਕੁਝ ਅਰਸ਼ਾਦ ਕਰ ਫਰਯਾਦ ਹੈ। ਲੋਕਾਂ ਦੀ ਅਸਲੀਅਤ ਦੀ ਮਨੁਖਤਾ ਦੀ, ਬੇਪਰਵਾਹੀ ਤੇਰੇ ਦਰਬਾਰ ਵਿਚ।

ਬੱਸ ਹੁਕਮ ਹੋ ਗਿਆ ਲੀਹਾਂ ਬਦਣ ਲੋ ਪੁਰਾਣੀਆਂ, ਬਣਾ ਲੋ ਆਪਣ ਨਵੇਂ ਰਸਤੇ, ਇਸ ਤੋਂ ਅਗੇ ਚਲਨ ਵਾਸਤੇ ਇਹਦੇ ਨਾਲ ਹੀ। ਮਾਰਨਾ ਪਾਪ ਹੈ ਪਰ ਕਿਸੇ ਤੋਂ ਆਪਣਾ ਆਪ ਬਚਾਣਾ ਪਾਪ ਨਹੀਂ, ਜ਼ੁਲਮ ਕਰਨਾ ਗੁਨਾਹ ਹੈ ਪਰ ਜ਼ਾਲਮ ਦੀ ਬਾਂਹ ਨੂੰ ਰੋਕ ਪਾਣੀ ਕੋਈ ਐਬ ਨਹੀਂ। ਬੇਦੋਸਾਂ ਦੀਆਂ ਧੌਣਾਂ ਉਤੇ ਤੇਗਾਂ ਦੇ ਵਾਰ ਕਰਨੇ ਅਧਰਮ ਹੋਊ ਪਰ ਨਿਰਦੋਸ਼ ਧੌਣਾਂ ਨੂੰ ਇਨ੍ਹਾਂ ਤੇਗਾਂ ਨੂੰ ਖੰਡਿਆ ਕਰਨ ਦਾ ਅਧਿਕਾਰ ਤਾਂ ਹੋਣਾ ਚਾਹੀਦਾ ਹੈ.ਬੱਸ ਮੋਢਿਆਂ ਤੇ ਚੁਕਣ ਵਾਲਿਅ ਨੂੰ ਲੱਤ ਹੇਠੋਂ ਲੰਘਾਣ ਦੀ ਖੁਲ ਤਾਂ ਦੇ ਦਿਓ। ਉਦੋਂ ਤੋਂ ਇਸ ਸ਼ਹੀਦੀ ਨੇ, ਵਹਿੰਦੀਆਂ ਜ਼ੁਲਮ ਦੀਆਂ ਤੇਗਾਂ ਡੱਕੇ ਪਾਣੇ ਧਰਮ ਵਿਚ ਸ਼ਾਮਲ ਕਰ ਲਿਆ ਅਗੇ ਜਿਥੇ ਸਿਮਰਨ ਕਰਨਾ ਹੀ ਧਰਮ ਸੀ, ਉਥੇ ਹੁਣ ਮਾਲਾ ਤੇ ਤੇਗਾਂ ਇਕੋ ਮਨੁਖ-ਗੁਰੂ


www.AKJ.Org

ਨਾਨਕ ਦੇ ਸਿਖ ਦਾ ਸ਼ਿੰਗਾਰ ਬਣ ਗਈਆਂ ਨਹੀਂ ਨਹੀਂ, ਸਰੀਰ ਦਾ ਅੰਗ ਬਣ ਗਈਆਂ ਜੀਵਨ ਦੀ ਖ਼ੁਰਾਕ ਬਣ ਗਈਆਂ ਪੋਸ਼ਾਕ ਬਣ ਗਈਆਂ।

ਪਲਟਾ ਦਿਤੇ ਇਤਿਹਾਸ ਧਰਮਾਂ ਦੇ, ਤੇਗਾਂ ਪਹਿਣ ਕੇ ਕੀਰਤਨ ਕਰਨ ਵਾਲਿਆਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਦਕਾ, ਪਹਿਣ ਲਓ ਗਾਤਰੇ ਕ੍ਰਿਪਾਨਾਂ ਅਜ ਤੋਂ ਸਾਰੇ, ਸ਼ਹੀਦੀ ਨੂੰ ਪਰਣਾਮ ਕਰਕੇ, ਸਿਰ ਝੁਕਾਕੇ ਅਪਣੇ ਤੇ ਭੁਲਾਂ ਬਖਸ਼ਾ ਕੇ ਅਜ ਤੋਂ ਪਹਿਲਾਂ ਤੇ ਪਸਚਾਤਾਪ ਕਰੋ ਉਸ ਸਮੇਂ ਵਾਸਤੇ, ਜਿਹੜਾ ਤੇਗ ਧਾਰਨ ਤੋਂ ਬਿਨਾਂ ਗੁਜ਼ਰਿਆ ਹੈ। ਜ਼ੁਲਮ, ਬੇ ਇਨਸਾਫੀ, ਵਿਤਕਰੇ ਤੇ ਪਖ ਪਾਤ ਰੋਕਣ ਲਈ ਕੀਨਾ ਰਹਿਤ-ਸਾਫ਼ ਸੀਨੇ ਖਾਲਸੇ ਬਣ ਜਾਓ।

ਉਨ੍ਹਾਂ ਨੇ ਸ਼ਹੀਦੀ ਆਪਣੇ ਵਾਸਤੇ ਨਹੀਂ ਸਗੋਂ ਸਾਨੂੰ ਸਦੀਵੀ ਜ਼ਿੰਦਗੀ ਦੇਣ ਲਈ ਦਿੱਤੀ ਸੀ।

ਉਠੋ ਤੇ ਪ੍ਰਾਪਤ ਕਰੋ ਜ਼ਿੰਦਗੀਆਂ ਤੇ ਜਗਾਉ ਆਪਣੇ ਅੰਦਰ ਦੀਆਂ ਜੋਤਾਂ ਉਨ੍ਹਾਂ-ਬੁਝੀਆਂ ਡੀਊਟਾਂ ਨੂੰ, ਜਗਦੀਆਂ ਜੋਤਾਂ ਨਾਲ ਜਿਨਾਂ ਦਾ ਸੇਕ ਢਾਲ ਸਕਦਾ ਹੈ ਸਾਡੇ ਮਨਾਂ ਨੂੰ ਭੀ ਉਸੇ ਸੰਚੇ ਵਿਚ, ਜਿਹਦੇ ਵਿਚ ਉਨ੍ਹਾਂ ਦਾ ਢਲ ਕੇ ਅਡੋਲ ਰਿਹਾ।

"ਜੀਵਨ ਪੈਦਾ ਕਰੋ":—

ਦੁਖ ਤੇ ਸੁਖ ਮਨੁੱਖ ਦਾ ਸਰੀਰ ਨਹੀਂ ਮਨ ਪ੍ਰਤੀਤ ਕਰਦਾ ਹੈ। 'ਹਾਏ ਮੈਂ ਮਰ ਗਿਆ—'ਕੁਝ ਪਰਵਾਹ ਨਹੀਂ ਇਹਦੀਆਂ ਅਵਸਥਾਵਾਂ ਹਨ ਜਿਤਨਾ ਇਹ ਉਸ ਅਕਾਲ ਪੁਰਖ ਦੀ ਸਰਵ-ਵਿਆਪਕਤਾ ਦੇਖੇਗਾ, ਉਤਨਾਂ ਹੀ ਨਿਰਵੈਰ ਹੁੰਦਾ ਜਾਵੇਗਾ ਅਤੇ ਜਿਤਨਾ ਇਹਦਾ ਭਰੋਸਾ ਅਕਾਲ ਪੁਰਖ ਦੀ ਵੱਡਪਨ ਉਪਰ ਬਣੇਗਾ ਉਤਨਾਂ ਹੀ ਇਹ ਨਿਰਭਉ ਹੋ ਜਾਵੇਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸਾਰੇ ਕਸ਼ਟ ਕਿਸੇ ਕਰਾਮਾਤ ਨਾਲ ਨਹੀਂ ਸਹਾਰੇ ਸਨ ਸਗੋਂ ਗੁਰੂ ਨਾਨਕ ਦੇਵ ਜੀ ਦੇ ਦਸੇ ਹੋਏ ਸਿਖੀ ਮਾਰਗ ਤੇ ਚਲ ਕੇ ਮਨ ਦੀ ਪਕਿਆਈ ਨਾਲ ਬਰਦਾਸ਼ਤ ਕੀਤੇ ਸਨ। ਇਹ ਤਾਕਤ, ਹੈਰਾਨ ਹੋਣ ਵਾਲੀ ਗੱਲ ਨਹੀਂ ਹੋਰ ਸਿੱਖਾਂ ਵਿਚ ਵੀ ਆ ਰਹੀ ਸੀ। ਭਾਈ ਦਿਆਲੇ ਜੀ ਦਾ ਦੇਗਾਂ ਵਿਚ ਉਬਲਨਾਂ; ਭਾਈ ਮਤੀ ਦਾਸ ਜੀ ਦਾ ਆਰਿਆਂ ਨਾਲ ਚੀਰਿਆਂ ਜਾਣਾਂ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੁਣੀ ਤੇ ਹੋਰ ਸਿੰਘਾਂ ਦੀਆਂ ਅਦੁਤੀ ਸ਼ਹੀਦੀਆਂ ਇਸ ਗੱਲ ਦੀ ਪਰੋੜਤਾ ਲਈ ਹਨ।

ਇਹ ਸਭ ਕੁਝ ਮਨੁਖ ਦੇ ਅੰਦਰ ਨਾਮ ਤੇ ਬਾਣੀ ਦੇ ਸਦਕਾ ਹੀ ਆਉਂਦਾ ਹੈ। ਜਿਤਨਾ ਅਸੀਂ ਸਿਮਰਨ ਨੂੰ ਜੀਵਨ ਦਾ ਜੀਵਨ ਦਾਤਾ ਬਣਾਵਾਂਗੇ, ਉਤਨਾਂ ਹੀ ਮਨ ਪ੍ਰਬਲ ਹੋਵੇਗਾ। ਸਿੱਖਾਂ ਵਿਚ ਤਾਕਤ ਹੀ ਨਾਮ ਬਾਣੀ ਦੀ ਸੀ, ਸੰਗਤਾਂ ਰਾਹੀਂ ਇਸ ਪਿਰਤ ਨੂੰ ਸੁਰਜੀਤ ਕਰਨ ਨਾਲ ਕੌਮ ਫਿਰ ਚੜ੍ਹਦੀਆਂ ਕਲਾਂ ਵਿਚ ਜਾ ਸਕਦੀ ਹੈ। ਇਹਦੇ ਨਾਲ ਕੁਰਬਾਨੀ ਤੇ ਤਿਆਗ ਦਾ ਜਜ਼ਬਾ ਵਧਦਾ ਹੈ। ਇਸੇ ਅਸਰ ਹੇਠ ਹੀ ਸਿੱਖਾਂ ਨੇ ਮੌਤ ਨੂੰ ਮਖੌਲ ਕੀਤੇ।

ਇਹੋ ਕਾਰਨ ਹੈ ਕਿ ਹਕੂਮਤਾਂ ਦੇ ਕਹਿਰਾ ਧਰਮਾਂ ਦੇ ਝਖੜਾਂ ਦੇ ਵਿਰੋਧੀਆਂ ਦੀਆਂ ਫੂਕਾਂ ਨਾਲ ਇਹ ਜੀਵਨ ਜੋਤ ਨਹੀਂ ਬੁਝੀ ਅਤੇ ਸਿਖ ਧਰਮ ਚਾਨਣ-ਮੁਨਾਰਾ ਖਾਰੇ ਸਾਗਰਾਂ ਵਿਚ ਵੀ ਅਡੋਲ ਖੜਾ ਹੈ।


www.AKJ.org

# ਗੁਰੂ ਅਰਜਨ ਵਿਟਹੁ ਕੁਰਬਾਨੀ

ਬੀਬੀ ਹਰਬੰਸ ਕੌਰ 'ਬੰਸ'
ਸਰਦਾਰਨੀ
ਨਾਨਕ ਸਿੰਘ ਸ਼ਹੀਦ
ਪਟਿਆਲਾ

ਘੋਲ ਘੁਮਾਈ ਸਦ ਬਲਿਹਾਰੀ, ਗੁਰੂ ਅਰਜਨ ਵਿਟਹੁ ਕੁਰਬਾਨੀ।
ਹੁਕਮ ਮੰਨ ਗੁਰ ਸੰਗਤ ਸੰਦਾ, ਸ਼ਾਂਤ ਸਾਹਿਤ ਦਿਤੀ ਕੁਰਬਾਨੀ।
ਸ਼ਹੀਦਾਂ ਦ ਸਿਰਤਾਜ ਪਿਤਾ ਜੀ, ਕੀ ਲਿਖਾਂ ? ਲਿਖ ਸਕੇ ਨਾ ਕਾਨੀ।
ਜੇਠ ਜੁੜੰਦਾ ਡਾਢਾ ਤਪਿਆ, ਤਪ ਤਪ ਲੋਹ ਹੋਈ ਲੂਹਾਨੀ।
ਮਾਰ ਚੌਕੜਾ ਊਪਰ ਬੈਠੇ, ਏਡਾ ਕਹਿਰ ਹੋਇਆ ਜ਼ੁਲਮਾਨੀ।
ਲਾਹੌਰ ਸ਼ਹਿਰ ਕੈਹਰ ਸਵਾ ਪਹਿਰ, ਅਰਸ਼ੀ ਹੁਕਮ ਸੱਚਾ ਫੁਰਮਾਨੀ।
ਸ਼ਾਂਤੀ ਦੇ ਪੁੰਜ ਸ਼ਾਂਤ ਹੋਏ ਬੈਠੇ ਕਿਉਂਕਿ ਸ਼ਾਹੀ ਹੁਕਮ ਜੋ ਸੀ ਮੁਗਲਾਨੀ।
ਜਹਾਂਗੀਰ ਦੀ ਇਹੋ ਖਾਹਸ਼ ਸੀ ਹਿੰਦ ਵਿਚ ਦੀਨ ਵਧੇ ਮੁਸਲਾਨੀ।
ਚੰਦੂ ਚੰਦਰਾ ਸੀ ਕਰੇਂਦਾ, ਪਰ ਬਦਲਾ ਲੈਣ ਦੀ ਦਿਲ ਵਿਚ ਠਾਨੀ।
ਆਖ਼ਰ ਪਾਪੀ ਖੁਆਰ ਹੋਇ ਮੋਇਓ, ਨਹੀਂ ਸੀ ਮੁੱਲ ਰਹਿਆ ਦਵਾਨੀ।
ਸੂਰਜ ਕਿਰਨ ਮਿਲੀ ਨਰੰਜਨ, ਜਲ ਕਾ ਜਲ ਪਾਣੀ ਕਾ ਪਾਣੀ।
ਜਗ ਮਗ ਜੋਤ ਨਿਰੰਤਰ ਜਾਗੀ, ਮੁਗ਼ਲਾਂ ਮਿੱਟੀ ਐਵੇਂ ਛਾਣੀ।
ਪੀਰ ਮੀਆਂ ਮੀਰ ਦੇਇ ਦੁਹਾਈ, ਕੈਹਰ ਨਾ ਕਰੋ ਇਹ ਵਲੀ ਜਹਾਨੀ।
ਇਹ ਹੈ ਅੱਲਾ ਪਾਕ ਖ਼ੁਦਾਇ, ਮੈਨੂੰ ਝਲਕਾ ਪਵੇ ਨੂਰਾਨੀ।
ਓਧਰ ਚੰਦੂ ਦੀ ਨੂੰਹ ਪੁਕਾਰੇ, ਸੌਹਰੇ ਕੀਤੀ ਕੁਲ ਦੀ ਹਾਨੀ।
ਮੈਂ ਨਹੀਂ ਰਹਿਣਾ ਝੂਠੀ ਦੁਨੀਆਂ, ਮੈਨੂੰ ਦਿਸਦਾ ਸਭ ਕੁਝ ਫ਼ਾਨੀ।
ਗੁਰੂ ਅੰਸ਼ ਵਿਚ ਸਭ ਤੋਂ ਪਹਿਲਾਂ, ਪਾਈ ਸ਼ਹੀਦੀ ਬੜੀ ਲਾਸਾਨੀ।
ਤੇਰਾ ਕੀਆ ਮੀਠਾ ਲਾਗੇ, ਅੰਤੀਂ ਬਚਨ ਕੀਤਾ ਜ਼ਬਾਨੀ।
ਦੋਹਤਾ ਬਾਣੀ ਬੋਹਿਥਾ ਗੁਰ ਜੀ, ਤੇਰਾ ਹੋਰ ਨਹੀਂ ਕੋਈ ਸਾਨੀ।
'ਬੰਸ' ਡੇਹਰਾ ਸਾਹਿਬ ਸਾਥੋਂ ਖੁਸਿਆ, ਕਿਵੇਂ ਜਾਵਾਂ ਮੈਂ ਪਾਕਿਸਤਾਨੀ।

*
* *


www.AKJ.Org

# ਝਟਕਾ ਕਿ ਹਲਾਲ ?

( ਭਾਈ ਮਨਮੋਹਣ ਸਿੰਘ ਜੀ M.Sc. ਪਟਨਾ )

ਨੋਟ:—'ਝਟਕਾ ਕਿ ਹਲਾਲ' ਲੇਖ ਭੇਜਣ ਤੋਂ ਕੁਝ ਦਿਨ ਪਿਛੋਂ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਮਾਸਕ ਪਤ੍ਰ 'ਸੰਤ ਸਿਪਾਹੀ' ਦੇ ਫ਼ਰਵਰੀ ੧੯੬੮ ਦੇ ਪਰਚੇ ਨੂੰ ਪੜ੍ਹਨ ਦਾ ਅਉਸਰ ਮਿਲਿਆ ਸੁਆਲ-ਜੁਆਬ ਸਿਰਲੇਖ ਹੇਠ ਸ. ਗੁਰਦੇਵ ਸਿੰਘ ਬੇਦੀ ਰਾਇਚੂਰ ਵਲੋਂ ਇਸੇ ਸੰਬੰਧ ਵਿਚ ਕੀਤੇ ਇਕ ਪ੍ਰਸ਼ਨ ਤੇ ਐਡੀਟਰ ਵਲੋਂ ਦਿਤੇ ਉਤਰ ਨੂੰ ਪਾਠਕਾਂ ਦੀ ਦਿਲ ਚਸਪੀ ਲਈ ਇਥੇ ਦਰਜ ਕਰਨਾ ਜ਼ਰੂਰੀ ਸਮਝਦਾ ਹਾਂ:—

ਸੁਆਲ—(੨) ਜੇ ਸਿਖ ਆਪਣੇ ਹਥੀਂ ਝਟਕਾ ਕਰਦਾ ਹੈ ਪਰ ਬਲ ਜਾਂ ਤਜਰਬੇ ਦੀ ਘਾਟ ਕਰਕੇ ਇਕ ਵਾਰ ਨਾਲ ਸਿਰ ਜੁਦਾ ਨਹੀਂ ਕਰ ਸਕਦਾ, ਤਾਂ ਕੀ ਅੰਮ੍ਰਿਤਧਾਰੀ ਉਸ ਨੂੰ ਖਾ ਸਕਦਾ ਹੈ ?

ਜਵਾਬ—(੨) ਅੰਮ੍ਰਿਤਧਾਰੀ ਲਈ ਮੁਸਲਮਾਨੀ ਤਰੀਕੇ ਨਾਲ ਬਣਾਇਆ ਮਾਸ (ਹਲਾਲੀ ਮੀਟ) ਖਾਣਾ ਵਰਜਿਤ ਹੈ, ਹੋਰ ਭੱਖ ਅਭੱਖ ਦਾ ਨਿਰਣਾਯ ਰਹਿਤ ਕੁਰਹਿਤ ਦੇ ਭਾਗੀ ਹੋਣ ਦਾ ਦਰਜਾ ਨਹੀਂ ਰਖਦਾ। ਝਟਕੇ ਵਿਚ ਜੀਵ ਨੂੰ ਝਟ ਪਟ ਮਾਰਨ ਦਾ ਭਾਵ ਸਪਸ਼ਟ ਹੈ ਤੇ ਪੁਰਾਣੇ ਸਮੇਂ ਦੇ ਬਲਧਾਰੀ ਤਿਆਰ ਬਰ ਤਿਆਰ ਸਿੰਘ ਇਕਵਾਰ ਵਿਚ ਹੀ ਬਕਰੇ ਨੂੰ ਮਾਰ ਸਕਣਾ ਹੀ ਆਪਣੀ ਸ਼ਾਨ ਦੇ ਸ਼ਾਇਆਂ ਸਮਝਦੇ ਸਨ। ਸੋ ਸੂਰਮਗਤੀ ਦੀ ਇਹ ਰਵਾਇਤ ਸਿੰਘਾਂ ਵਲ ਚਲ ਪਈ। ਦੂਜੇ ਵਾਰ ਦਾ ਜੀਵ ਨੂੰ ਮਾਰਨਾ ਉਸਨੂੰ ਹਰਾਮ ਨਹੀਂ ਬਣਾ ਦਿੰਦਾ। ਸ਼ਿਕਾਰ ਵਿਚ ਵੀ ਜਾਨਵਰ ਤੇ ਕਈ ਵਾਰ ਹੁੰਦੇ ਹਨ ਤਾਂ ਉਹ ਮਰਦਾ ਹੈ, ਜ਼ਰੂਰੀ ਨਹੀਂ ਪਹਿਲੇ ਵਾਰ ਨਾਲ ਮਰ ਜਾਏ। ਇਸੇਤਰਾਂ ਸੂਰ ਦਾ ਸਿਰ ਕਟਿਆ ਹੀ ਨਹੀਂ ਜਾਂਦਾ ਤੇ ਨਾਹੀ ਇਕੋ ਵਾਰ ਨਾਲ ਉਸ ਦਾ ਸਿਰ ਕਟਿਆ ਜਾਂਦਾ ਹੈ। ਸੋ ਇਕ ਵਾਰ ਨਾਲ ਮਾਰੇ ਗਏ ਜੀਵ ਨੂੰ ਹੀ ਭੱਖ ਕਹਿਕੇ ਬਾਕੀਆ ਨੂੰ ਅਭੱਖ ਕਹਿਣਾ ਜਚਦਾ ਨਹੀਂ। ਕੋਈ ਚਾਹੇ ਤਾਂ ਆਪਣੇ ਲਈ ਇਕ ਵਾਰ ਨਾਲ ਮਾਰੇ ਜੀਵ ਦਾ ਹੀ ਪਾਸ ਵਿਧਾਨ ਕਰ ਲਵੇ ਪਰ ਸਿਖ ਰਹਿਤ ਮਰਯਾਦਾ ਅਨੁਸਾਰ ਐਸੀ ਪਾਬੰਦੀ ਨਹੀਂ।'

('ਸੰਤ ਸਿਪਾਹੀ' ਫ਼ਰਵਰੀ ੧੯੬੮ ਪੰ: ੨੮)

ਸੋ ਹੁਣ ਤਾਂ ਮਾਸ ਖਾਣ ਵਾਲੇ 'ਅੰਮ੍ਰਿਤਧਾਰੀ' ਸਿੰਘਾਂ ਨੇ ਇਸ ਗਲ ਨੂੰ ਸਪਸ਼ਟ ਹੀ ਕਰ ਦਿਤਾ ਹੈ ਕਿ ਪੰਥ ਵਿਚ ਝਟਕਾ ਮਾਸ ਖਾਣ ਦਾ ਕੋਈ ਵਿਧਾਨ ਨਹੀਂ। ਸਿਰਫ਼ ਮੁਸਲਮਾਨੀ ਤਰੀਕੇ ਨਾਲ (ਭਾਵ ਜੀਵ ਨੂੰ ਹੌਲੀ ਹੌਲੀ ਮਾਰਦਿਆਂ ਕਲਮਾਂ ਪੜ੍ਹਨਾ) ਮਾਰਿਆ ਮਾਸ ਖਾਣ ਦੀ ਮਨਾਹੀ ਹੈ ਝਟਕਾ ਮਾਸ ਖਾਣ ਦੀ ਪਾਬੰਦੀ ਨਹੀਂ। ਐਵੇਂ ਹੀ


www.AKJ.org

ਹੁਣ ਤਾਈਂ ਮਾਸ ਖਾਣੇ ਪੁਲੀਟੀਕਲ ਸਿਖ ਲੀਡਰ ਝਟਕੇ ਦੀ ਖੁਲ੍ਹ ਸੰਬੰਧੀ ਐਜੀਟੇਸ਼ਨਾਂ ਕਰਦੇ ਰਹੇ ਹਨ। ਹਲਾਲ ਮਾਸ ਤੋਂ ਉਪ੍ਰੰਤ ਹਰ ਕਿਸਮ ਦਾ ਮਾਸ ਖਾਧਾ ਜਾ ਸਕਦਾ ਹੈ ਤੇ ਅੰਮ੍ਰਿਤਧਾਰੀ ਸਿੰਘ ਉਹਨਾਂ ਦੇ ਖਾਣ ਕਰਕੇ ਪਤਿਤ ਕਰਮੀ ਨਹੀਂ ਗਰਦਾਨਿਆਂ ਜਾ ਸਕਦਾ। ਭਾਵ ਹਲਾਲ ਤੋਂ ਬਿਨਾ ਹੋਰ ਸੂਬ ਪ੍ਰਕਾਰ ਦੇ ਮਾਸ ਜਿਹਾ ਕਿ ਈਸਾਈ ਬੁਚੜਾਂ ਦਾ ਬੁਰਾ ਮਾਸ, ਬਿਲੀ ਕੁਤੇ ਦਾ ਮਾਰਿਆ, ਮਾਸ, ਸ਼ੇਰ-ਬਘਿਆੜ ਦਾ ਜੂਠਾ ਮਾਸ, ਚਾਹੇ ਆਪੋਂ ਮਰੇ ਜੀਵ ਦਾ ਮੁਰਦਾਰ ਮਾਸ ਹੋਵੇ ਖਲਕਿ ਐਥੋਂ ਤਕ ਕਿ ਭਾਵੇਂ ਮੁਸਲਮਾਨਾਂ ਦੇ ਹਥਾਂ ਦਾ ਹੀ ਬਣਿਆ ਮਾਸ ਹੋਵੇ ਪਰ ਜੀਵ ਨੂੰ ਮਾਰਨ ਸਮੇਂ ਕਲਮਾ ਨਾ ਪੜਿਆ ਗਿਆ ਹੋਵੇ ਕਿਉਂਕਿ ਮੁਸਲਮਾਨੀ ਹਲਾਲ ਮਾਸ ਤਾਂ ਹੀ ਕਹਾਉਂਦਾ ਹੈ ਜੇ ਕਲਮਾ ਪੜਦਿਆਂ ਜੀਵ ਨੂੰ ਘਾਤ ਕੀਤਾ ਜਾਵੇ, ਇਹ ਸਭ ਕਿਸਮ ਦੇ ਮਾਸ ਖਾਣੇ ਗੁਰਸਿਖ ਰਹਿਤ ਅਨੁਕੂਲ ਹਨ। ਇਸ ਉਤਰ ਅਨੁਸਾਰ ਜੇਕਰ ਹੌਲੀ ਹੌਲੀ (ਭਾਵ ਇਕ ਤੋਂ ਵਧੀਕ ਵਾਰ ਕਰਕੇ) ਮਾਰਿਆ ਮਾਸ ਖਾਧਾ ਜਾ ਸਕਦਾ ਹੈ ਤਾਂ ਫਿਰ ਮੁਸਲਮਾਨੀ ਤਰੀਕੇ ਨਾਲੋਂ ਅੰਤਰ ਕੇਵਲ ਕਲਮਾ ਪੜ੍ਹਨ ਦਾ ਹੀ ਰਹਿ ਗਿਆ ਹੋਰ ਝਟਕੇ ਦੀ ਕੋਈ ਮਹਾਨਤਾ ਨਹੀਂ ਜਾਂ ਝਟਕਾ ਖਾਣ ਦਾ ਕੋਈ ਵਿਧਾਨ ਗੁਰਸਿਖੀ ਵਿਚ ਨਹੀਂ। ਸਾਡੇ ਮਾਸ ਖਾਣੇ ਵੀਰ ਕਿਥੋਂ ਤਕ ਮਾਸ ਖਾਣ ਦੀ ਹਵਸ ਵਿਚ ਜਕੜੇ ਪਏ ਹਨ—ਇਹ ਇਸ ਗਲ ਤੋਂ ਹੀ ਅਨੁਮਾਨਤ ਹੋ ਜਾਂਦਾ ਹੈ ਜਿਸ ਨਾਲ 'ਕੁਠੇ' ਮਾਸ ਸੰਬੰਧੀ ਪੰਥ ਵਿਚ ਨਿਰਣਯ ਦੀ ਹੋਰ ਵੀ ਲੋੜ ਵਧ ਗਈ ਹੈ।

ਦਾਸ—ਮਨਮੋਹਨ ਸਿੰਘ

ਪੰਥ ਦੀ ਬਹੁ ਗਿਣਤੀ ਇਸ ਗਲ ਤੇ ਦ੍ਰਿੜ ਹੈ ਕਿ ਜੋ 'ਕੁੱਠਾ', ਦਸਮੇਸ਼ ਜੀ ਨੇ ਬੱਜਰ ਕੁਰੈਹਤਾਂ ਵਿਚ ਸ਼ਾਮਲ ਕਰਕੇ ਅੰਮ੍ਰਿਤਧਾਰੀ ਗੁਰਸਿਖ ਲਈ ਵਿਵਰਜਿਤ ਕੀਤਾ ਹੈ, ਉਸ ਦਾ ਭਾਵ ਮੁਸਲਮਾਨੀ ਤਰੀਕੇ ਨਾਲ ਬਣਾਇਆ ਹਲਾਲ ਮਾਸ ਹੈ ਹਾਲਾਂਕਿ ਇਸ ਦਾ ਲੁਗ਼ਾਤੀ (ਡਿਕਸ਼ਨਰੀ ਦੇ ਅਧਾਰ ਤੇ) ਅਰਥ ਸਾਫ਼ ਹੈ ਕਿ ਐਸਾ ਮਾਸ ਜੋ ਜੀਵ ਨੂੰ ਸ਼ਸਤਰ ਦੁਆਰਾ ਵੱਢ ਕੇ ਪ੍ਰਾਪਤ ਕੀਤਾ ਜਾਵੇ। ਝਟਕਾ ਤੇ ਹਲਾਲ ਦੋਵਾਂ ਤਰੀਕਿਆਂ ਵਿਚ ਇਹੋ ਸ਼ਸਤਰ ਨਾਲ ਮਾਰਨ ਕਰ ਕੇ ਮਾਸ ਤਿਆਰ ਹੁੰਦਾ ਹੈ। ਖ਼ੈਰ ਆਮ ਪ੍ਰਚਲਤ ਖਿਆਲ ਅਨੁਸਾਰ ਕੁਠੇ ਦਾ ਭਾਵ ਉਸੇ ਮਾਸ ਤੋਂ ਲਿਆ ਜਾਂਦਾ ਹੈ ਜੋ ਮੁਸਲਮਾਨੀ ਤਰੀਕੇ ਨਾਲ ਜਾਨਵਰ ਨੂੰ ਮਾਰ ਕੇ ਹਾਸਲ ਕੀਤਾ ਜਾਂਦਾ ਹੈ, ਅਤੇ ਇਸ ਖਿਆਲ ਅਨੁਸਾਰ ਇਸਤਰ੍ਹਾਂ ਦਾ 'ਹਲਾਲ' ਮਾਸ ਗੁਰਸਿਖਾਂ ਲਈ ਵਿਵਰਜਿਤ ਹੈ। ਏਸ ਗਲ ਤੋਂ ਆਪੇ ਹੀ ਨਤੀਜਾ ਕਢ ਲਿਆ ਕਿ ਚੂੰਕਿ ਹਲਾਲ ਮਾਸ ਖਾਣ ਦੀ ਮਨਾਹੀ ਹੈ ਇਸ ਲਈ ਇਹ ਕੁਦਰਤੀ ਹੈ ਕਿ 'ਝਟਕਾ' ਖਾਣ ਦੀ ਸਿਖੀ ਵਿਧਾਨ ਵਿਚ ਆਗਿਆ ਹੈ। ਜੇ ਹਲਾਲ ਖਾਣ ਦੀ ਮਨਾਹੀ ਹੈ ਤਾਂ ਇਸ ਦਾ ਅਰਥ ਇਹ ਕਿਵੇਂ ਹੋ ਗਿਆ ਕਿ ਝਟਕਾ ਖਾਣ ਦੀ ਆਗਿਆ ਹੈ। ਹਲਾਲ ਦੀ ਮਨਾਹੀ ਦਾ ਮਤਲਬ ਅਸਲ ਵਿਚ ਇਹ ਹੋਣਾ ਚਾਹੀਦਾ ਹੈ ਕਿ ਹਲਾਲ ਤੋਂ ਉਪ੍ਰੰਤ ਹਰ ਕਿਸਮ ਦੇ ਮਾਸ ਖਾਣ ਦੀ ਖੁਲ ਹੈ ਭਾਵੇਂ ਉਹ ਬਿਲੀ, ਕੁਤੇ, ਸ਼ੇਰ, ਬਘਿਆੜ ਆਦਿ ਦਾ ਮਾਰਿਆ ਤੇ ਜੂਠਾ ਮਾਸ ਹੋਵੇ, ਚਾਹੇ ਆਪੋਂ ਮਰੇ ਜੀਵ ਦਾ ਮਾਸ ਹੋਵੇ। ਹੈਰਾਨੀ ਇਸ ਗਲ ਦੀ ਹੈ ਕਿ ਪੰਥ

www.AKJ.Org

ਦਾ ਪੜ੍ਹਿਆ ਲਿਖਿਆ ਹਿੱਸਾ ਜੋ ਨਵੀਨ ਸਭਯਤਾ ਦੇ ਪ੍ਰਭਾਵ ਹੇਠ ਗੁਰਮਤਿ ਰਹਿਤ ਮਰਯਾਦਾ ਤੇ ਤਰਾਂ ਤਰਾਂ ਦੀਆਂ ਕੁਤਰਕਾਂ ਕਰਦਾ ਹੈ—ਅਜ ਦੇ ਜ਼ਮਾਨੇ ਵਿਚ ਕਿਰਪਾਨ ਦੀ ਕੀ ਲੋੜ ਹੈ? ਕਛਹਿਰਾ ਅੰਗ੍ਰੇਪ ਹੋਵੇ ਜਾਂ ਪੈਂਟ ਨੁਮਾ, ਇਸ ਵਿਚ ਕੀ ਫ਼ਰਕ ਹੈ ? ਦਾੜ੍ਹਾ ਖੁਲ੍ਹਾ ਹੋਵੇ ਜਾਂ ਨਰੜਿਆ ਹੋਇਆ, ਦੋਵੇਂ ਪ੍ਰਵਾਨ ਹਨ ਇਤਿਆਦਿ—ਉਸਨੇ ਇਸ ਮਾਸ ਵਾਲੇ ਮਸਲੇ ਨੂੰ ਕਦੇ ਘੋਖਣ ਤੇ ਪੜਚੋਲਣ ਦਾ ਯਤਨ ਨਹੀਂ ਕੀਤਾ। ਉਸ ਨੇ ਕਦੇ ਇਹ ਪੁਛਣਾ ਯੋਗ ਨਹੀਂ ਸਮਝਿਆ ਕਿ ਜਾਨਵਰ ਨੂੰ ਇਕ ਝਟਕੇ ਨਾਲ ਮਾਰਿਆ ਜਾਂ ਹੌਲੀ ਹੌਲੀ ਮਾਰਿਆ, ਮਾਸ ਤਾਂ ਮਾਸ ਹੀ ਰਹਿੰਦਾ ਹੈ। ਇਹਨਾਂ ਦੁਹਾਂ ਢੰਗਾਂ ਨਾਲ ਬਣਾਏ ਮਾਸ ਵਿਚ ਫ਼ਰਕ ਕੀ ਹੈ ? ਕਿਸ ਲਈ ਝਟਕਾ ਪ੍ਰਵਾਨ ਤੇ ਹਲਾਲ ਵਿਵਰਜਿਤ ਹੈ ? ਇਸ ਤਰਾਂ ਦੇ ਪ੍ਰਸ਼ਨ ਬਹੁਤ ਹੀ ਘਟ ਸੁਨਣ ਪੜ੍ਹਨ ਵਿਚ ਆਏ ਹਨ। ਕਿਉਂ ? ਸ਼ਾਇਦ ਇਸ ਲਈ ਕਿ ਗੁਰਮਤਿ ਹੁਕਮ ਦੀ ਇਹ ਪ੍ਰਚਲਤ ਭੇਡਾ ਚਾਲ ਵਾਲੀ ਅਰਥਾਵਲੀ ਉਹਨਾਂ ਦੀ ਮਨ ਦੀ ਮਰਜ਼ੀ ਦੇ ਅਨੁਸਾਰੀ ਹੈ ਅਤੇ ਇਸ ਨਾਲ ਉਹ ਆਪਣੇ ਜੀਭ ਦਾ ਚਸਕਾ ਪੂਰਾ ਕਰ ਸਕਦੇ ਹਨ। ਨਹੀਂ ਤਾਂ ਗੁਰਮਤਿ ਦੇ ਹੋਰ ਹੁਕਮਾਂ ਉਤੇ ਤਰਾਂ ਤਰਾਂ ਦੀਆਂ ਕਤਰਕਾਂ ਕਰਨ ਵਾਲੇ ਇਹਨਾਂ ਕਹਿਵਤੀ ਵਿਦਵਾਨਾਂ ਦੀ ਇਸ ਪਖ ਤੇ ਚੁਪ ਸਾਧ ਲੈਣੀ ਜਾਂ ਬਹੁ ਗਿਣਤੀ ਦੇ ਮੰਨੇ ਹੋਏ ਅਰਥਾਂ ਨਾਲ ਸੰਮਤੀ ਮੰਨ ਲੈਣੀ, ਇਸ ਦਾ ਹੋਰ ਕੀ ਭਾਵ ਹੋ ਸਕਦਾ ਹੈ ? ਨਿਰਪੱਖਤਾ ਨਾਲ ਆਪਣੇ ਜੀਭ ਦੇ ਚਸਕੇ ਨੂੰ ਲਾਂਭੇ ਰਖਕੇ, ਨਿਰੋਲ ਗੁਰਬਾਣੀ ਦੇ ਆਧਾਰ ਤੇ ਜੇ ਵੀਚਾਰ ਕੀਤੀ ਜਾਵੇ ਹਲਾਲ ਅਤੇ ਝਟਕੇ ਦਾ ਮਸਲਾ ਬਿਲਕੁਲ ਸਾਫ ਹੈ। ਇਨ੍ਹਾਂ ਦੁਹਾਂ ਢੰਗਾਂ ਨਾਲ ਬਣਾਏ ਮਾਸ ਵਿਚ ਕੋਈ ਫ਼ਰਕ ਨਹੀਂ। ਇਸ ਸੰਬੰਧੀ ਪੁਸਤਕ 'ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ' (ਕ੍ਰਿਤ ਭਾ. ਸ. ਭਾ. ਰਣਧੀਰ ਸਿੰਘ ਜੀ) ਵਿਚ ਵਿਸਥਾਰ ਨਾਲ ਬਹੁਤ ਕੁਛ ਆ ਚੁਕਾ ਹੈ। ਇਸ ਲੇਖ ਵਿਚ ਤਾਂ ਪਾਠਕਾਂ ਦੀ ਜਾਣਕਾਰੀ ਨਿਰੋਲ ਇਸ ਗਲ ਨਾਲ ਕਰਾਉਣੀ ਹੈ ਕਿ ਆਪਣੀ ਮਨ ਮੰਨੀ ਗੁਰਮਤਿ ਪ੍ਰਵਾਨ ਝਟਕ ਮਾਸ ਖਾਣ ਨੂੰ ਝਟਕਾ ਖੋਰ ਵੀਰ ਕਿਥੋਂ ਤਕ ਨਿਭਾਹ ਰਹੇ ਹਨ ਅਤੇ ਝਟਕੇ ਦੇ ਪਰਦੇ ਹੇਠ ਕੀ ਕੁਛ ਲੁਕਿਆ ਪਿਆ ਹੈ।

ਪਹਿਲੀ ਗਲ ਤਾਂ ਇਹ ਹੈ ਕਿ ਝਟਕਾ ਖੋਰ ਵੀਰਾਂ ਦ ਆਪਣੇ ਦਰਸਾਏ ਭਾਵ ਅਨੁਸਾਰ ਝਟਕਾ ਮਾਸ ਉਹ ਹੈ ਜੋ ਜਾਨਵਰ ਨੂੰ ਇਕੋ ਵਾਰ ਨਾਲ ਭਾਵ ਝਟਕਾ ਕੇ, ਮਾਰ ਕੇ ਪ੍ਰਾਪਤ ਕੀਤਾ ਜਾਵੇ। ਕੀ ਸਚ ਮੁਚ ਹੀ ਸਾਰੇ ਝਟਕਈ ਇਕੋ ਵਾਰ ਨਾਲ ਜਾਨਵਰ ਨੂੰ ਮਾਰਦੇ ਤੇ ਗਰਦਨ ਕਟਦੇ ਹਨ ? ਚੰਗੇ ਚੰਗੇ ਝਟਕਈਆਂ ਕੋਲ ਕੇਵਲ ਆਮ ਗੰਡਾਸੇ ਹੀ ਹੁੰਦੇ ਹਨ ਤੇ ਬਹੁਤੀ ਵਾਰੀ ਉਨਾਂ ਦਾ ਪਹਿਲਾ ਵਾਰ ਆਪਣੇ ਮੰਤਵ ਦੀ ਪੂਰਤੀ ਵਿਚ ਸਫ਼ਲ ਨਹੀਂ ਹੁੰਦਾ। ਇਹੋ ਜਿਹੇ ਸਮੇਂ ਉਹ ਕੀ ਕਰਦੇ ਹਨ ? ਕੀ ਉਸ ਜਾਨਵਰ ਨੂੰ ਰੱਦੀ ਕਰ ਦੇਂਦੇ ਹਨ ਕਿਉਂਕਿ ਝਟਕਾ ਨਾ ਹੋਣ ਕਰਕੇ ਉਸ ਜਾਨਵਰ ਦਾ ਮਾਸ ਵਵਰਜਿਤ ਹੈ ? ਜ਼ਾਹਰ ਹੈ ਕਿ ਉਹ ਐਸਾ ਹਰਗਿਜ਼ ਨਹੀਂ ਕਰਦੇ, ਭਾਵੇਂ ਉਨ੍ਹਾਂ ਨੂੰ ਕਿਸ ਤਰਾਂ ਵੀ ਮਾਰਨਾ ਪਵੇ ਉਹ ਉਸ ਜਾਨਵਰ ਦੇ ਮਾਸ ਨੂੰ 'ਝਟਕਾ' ਮਾਸ ਕਰਕੇ ਹੀ ਵੇਚਦੇ ਹਨ। ਝਟਕਾ ਖੋਰ ਇਸ ਲਈ ਪੁਛਦੇ ਹੀ ਨਹੀਂ ਕਿਉਂਕਿ ਉਹ ਇਕ ਕੇਸਾਧਾਰੀ ਸਿਖ ਤੋਂ ਖਰੀਦ ਰਹੇ ਹਨ।


www.AKJ.Org

ਸਿਖ ਕੀ ਤੇ ਹਲਾਲ ਕੀ ? ਸੋ ਝਟਕੇ ਦੇ ਨਾਮ ਹੇਠ ਸਾਡੇ ਝਟਕਾ ਮਾਸ ਖਾਣ ਦੇ ਪੱਖੀ ਕੀ ਖਾਂਦੇ ਹਨ, ਇਸ ਦਾ ਪਤਾ ਉਨ੍ਹਾਂ ਨੂੰ ਹੋਵੇ ਭਾਵੇਂ ਨਾ, ਪਰ ਮਾਸ ਵੇਚਣ ਵਾਲਿਆਂ ਨੂੰ ਤੇ ਹੋਰ ਜਾਣਕਾਰਾਂ ਨੂੰ ਚੰਗੀ ਤਰਾਂ ਪਤਾ ਹੈ।

ਦਾਸ ਨੂੰ ਆਪਣੀ ਕਿਰਤ ਬਹੁਤ ਥਾਵਾਂ ਤੇ ਲੈ ਜਾਂਦੀ ਹੈ। ਮਦਰਾਸ, ਆਂਧਰਾ ਪ੍ਰਦੇਸ਼, ਕੇਰਲ, ਗੁਜਰਾਤ ਤੇ ਰਾਜਸਥਾਨ ਪਿਛੋਂ ਹੁਣ ਬਿਹਾਰ ਪ੍ਰਦੇਸ਼ ਵਿਚ ਥਾਂ ਥਾਂ ਤੇ ਦਾਤਾਰ ਵਲੋਂ ਖਿਲਾਰਿਆ ਦਾਸ ਦੇ ਹਿੱਸੇ ਦਾ ਚੋਗਾ ਚੁਗਣ ਲਈ ਜਾਣ ਦਾ ਅਵਸਰ ਮਿਲ ਰਿਹਾ ਹੈ। ਪਾਕਿਸਤਾਨੀ ਘਲੂਘਾਰੇ ਤੋਂ ਉਪ੍ਰੰਤ ਗੁਰਸਿਖਾਂ ਦੀ ਪਹੁੰਚ ਦੇਸ਼ ਦੇ ਕੋਨੇ ਕੋਨੇ ਵਿਚ ਹੋ ਚੁਕੀ ਹੈ। ਹਰ ਥਾਂ ਤੇ ਉਹ ਚੰਗੇ ਸੌਖੇ ਤੇ ਸਿਰ ਕਢਵੇਂ ਢੰਗ ਨਾਲ ਜੀਵਨ ਬਤੀਤ ਕਰ ਰਹੇ ਹਨ। ਇਹ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਦੁਆਰਾ ਉਨ੍ਹਾਂ ਦੀ ਹਿੰਮਤ ਦਾ ਸਿੱਟਾ ਹੈ ਕਿ ਅਜ ਉਨ੍ਹਾਂ ਨੂੰ ਦੇਖ ਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਲੋਗ ਕਦੀ ਲੁਟ ਪੁਟ ਕੇ ਖਾਲੀ ਹੱਥ ਪੇਟ ਪਾਲਣ ਦੇ ਫ਼ਿਕਰ ਵਿਚ ਇਨਾਂ ਥਾਵਾਂ ਤੇ ਪੁਜੇ ਸਨ। ਜਿਥੇ ਹੋਰ ਬਹੁਤ ਸਾਰੇ ਕਾਰੋਬਾਰਾਂ ਵਿਚ ਇਨਾਂ ਨੇ ਵਿਸ਼ੇਸ਼ਤਾ ਪ੍ਰਾਪਤ ਕੀਤੀ ਹੈ ਉਥੇ ਹੋਟਲਾਂ ਦੇ ਬਿਜ਼ਨਿਸ ਵਿਚ ਵੀ ਇਨਾਂ ਦਾ ਹਿਸਾ ਬਹੁਤ ਉਚੀ ਥਾਂ ਰਖਦਾ ਹੈ। ਹਰ ਪ੍ਰਦੇਸ਼ ਦੇ ਚੰਗੇ ਚੰਗੇ ਸ਼ਹਿਰਾਂ ਵਿਚ ਹੀ ਨਹੀਂ ਬਲਕਿ ਛੋਟੇ ਸ਼ਹਿਰਾਂ ਵਿਚ ਵੀ ਜਿਥੇ ਕੁਝ ਸਿਖ ਵਸੋਂ ਹੋ ਗਈ ਹੈ, ਉਨਾਂ ਦੇ ਚਲਾਏ ਹੋਟਲ ਦੇਖਣ ਵਿਚ ਆਉਂਦੇ ਹਨ। ਖੂਬੀ ਇਹ ਹੈ ਕਿ ਸਭ ਪ੍ਰਦੇਸ਼ਾਂ ਦੇ ਲੋਕਲ ਲੋਕੀ ਸਿਖਾਂ ਜਾਂ ਪੰਜਾਬੀਆਂ (ਇਨਾਂ ਦੁਹਾਂ ਅਖਰਾਂ ਆਮ ਤੌਰ ਤੇ ਇਕੋ ਹੀ ਮਤਲਬ ਲਿਆ ਜਾਂਦਾ ਹੈ), ਦੇ ਹੋਟਲਾਂ ਨੂੰ ਚੰਗੇ ਉਚੀ ਪੱਧਰ ਵਾਲੇ ਹੋਟਲ ਸਮਝਦੇ ਹਨ ਤੇ ਇਸ ਲਈ ਹਰ ਥਾਂ ਤੇ ਸਰਦਾਰਾਂ ਦੇ ਹੋਟਲ ਚੰਗੇ ਸਫਲ ਢੰਗ ਨਾਲ ਚਲ ਰਹੇ ਹਨ। ਬਹੁਤ ਥਾਵਾਂ ਤੇ ਗੁਰਸਿਖਾਂ ਨਾਲ ਪਰਸਪਰ ਗਲ ਬਾਤ ਕਰਨ ਦਾ ਅਵਸਰ ਮਿਲਦਾ ਰਹਿੰਦਾ ਹੈ। ਇਨਾਂ ਵਿਚੋਂ ਕੁਝਕੁ ਮਿਲਨੀਆ ਵਿਚ ਹੋਈ ਝਟਕੇ ਤੇ ਹਲਾਲ ਸਬੰਧੀ ਗਲਬਾਤ ਦਾ ਤੱਤ ਸਾਰ ਲਿਖਣਾ ਪਾਠਕਾਂ ਦੀ ਗਿਆਤ ਲਈ ਤੇ ਦਿਲਚਸਪੀ ਲਈ ਜ਼ਰੂਰੀ ਸਮਝਦਾ ਹਾਂ:—

(੧) ਇਕ ਸ਼ੈਹਰ ਵਿਚ ਪਹਿਲੀਵਾਰੀ ਜਾਣ ਤੇ, ਇਕ ਕੇਸਾਧਾਰੀ ਸਿਖ ਸਰਦਾਰ ਜੀ ਦੇ ਹੋਟਲ ਨੂੰ ਵੇਖਕੇ ਖਿਆਲ ਆਇਆ ਕਿ ਨਾਲੇ ਤਾਂ ਕੋਈ ਠਢਾ ਪਾਣੀ ਪੀ ਕੇ ਪਿਆਸ ਬੁਝਾਈ ਜਾਵੇ ਤੇ ਨਾਲੇ ਗੁਰਦੁਆਰੇ ਸੰਬੰਧੀ ਪੁਛ ਗਿਛ ਕੀਤੀ ਜਾਵੇ। ਉਸ ਹੋਟਲ ਵਿਚ ਵੜਨ ਹੀ ਲਗਾ ਸਾਂ ਕਿ ਹੋਰ ਇਕ ਸਰਦਾਰ ਜੀ ਰਾਹ ਵਿਚ ਮਿਲ ਪਏ ਤੇ ਮੈਨੂੰ ਹੋਟਲ ਵਿਚ ਜਾਂਦੇ ਨੂੰ ਵੇਖਕੇ, ਇਕ ਪਾਸੇ ਬੁਲਾ ਕੇ ਖਾਸ ਤੌਰ ਤੇ ਕਹਿਣ ਲਗੇ 'ਸ੍ਰਦਾਰ ਜੀ! ਇਸ ਹੋਟਲ ਵਿਚ ਚਲੇ ਤਾਂ ਹੋਰ ਪਰ ਇਥੋਂ ਮਾਸ ਨਾ ਖਾਇਆ ਜੇ ਕਿਉਂਕਿ ਇਥੇ ਹਲਾਲ ਮਾਸ ਬਣਦਾ ਹੈ।' ਮੈਂ ਪੁਛਿਆ ਕੋਈ ਐਸਾ ਹੋਟਲ ਭੀ ਹੈ ਜਿਥੇ ਝਟਕਾ ਬਣਦਾ ਹੋਵੇ ਤਾਂ ਉਨਾਂ ਕਿਹਾ ਕਿ ਉਨਾਂ ਨੂੰ ਪਤਾ ਨਹੀਂ, ਪਰ ਮੁਸ਼ਕਲ ਹੀ ਹੈ। ਜ਼ਰਾ ਵੀਚਾਰੋ। ਝਟਕਾ ਖੋਰ ਸਰਦਾਰ ਜਦ ਸਰਦਾਰ ਜੀ ਦੇ ਹੋਟਲ ਤੇ ਜਾਂਦੇ ਹਨ ਤਾਂ ਉਹ ਇਹੀ ਆਸ ਲੈਕੇ ਜਾਂਦੇ ਹਨ ਕਿ ਸਰਦਾਰ ਦਾ ਹੋਟਲ ਹੋਣ ਕਰਕੇ ਇਥੇ ਝਟਕਾ ਮਾਸ ਹੀ ਮਿਲੇਗਾ। ਸਰਦਾਰ ਕੀ ਤੇ ਹਲਾਲ ਕੀ ? ਜੇ ਹਲਾਲ ਇਨਾਂ ਮਾੜਾ ਹੈ ਕਿ

www.AKJ.Org

ਇਸ ਦੇ ਭਖਣ ਨਾਲ ਗੁਰ ਸਿਖ ਪਤਤ ਹੋ ਜਾਂਦਾ ਹੈ ਤਾਂ ਸਰਦਾਰ ਲੋਕ ਬਿਜ਼ਨਿਸ ਜਾਂ ਆਮਦਨੀ ਦੇ ਲਾਲਚ ਕਰਕੇ ਇਸ ਨੂੰ ਕਿਉਂ ਬਣਾਉਂਦੇ ਹਨ ? ਕੀ ਇਹ ਐਨ ਉਸੇ ਤਰਾਂ ਨਹੀਂ ਕਿ ਕੋਈ ਸਰਦਾਰ ਸਿਖ ਸਿਗਰਟ ਜਾਂ ਬੀੜੀ ਵੇਚਨ ਲਗ ਜਾਵੇ ? ਕੀ ਕੁਠਾ ਤੇ ਤੰਬਾਕੂ ਇਕੋ ਜਿਹੀਆਂ ਵਿਵਰਜਿਤ ਕੁਰੇਹਤਾਂ ਨਹੀਂ ਹਨ ? ਨਾਲੇ ਕੀ ਹੋਟਲ ਦੇ ਮਾਲਕ, ਉਨਾਂ ਦੇ ਸੰਬੰਧੀ ਤੇ ਸੁਹਿਰਦ ਮਿਤ੍ਰ ਜੋ ਉਨਾਂ ਪਾਸ ਆਉਂਦੇ ਹਨ, ਉਹ ਉਥੋਂ ਮਾਸ ਨਾ ਖਾਂਦੇ ਹੋਣਗੇ ? ਅਤੇ ਕਈ ਥਾਈਂ ਇਹ ਵੇਖਿਆ ਹੈ ਕਿ ਐਸੇ ਹੋਟਲਾਂ ਦੇ ਮਾਲਕ ਗੁਰਦੁਆਰਿਆਂ ਦੀ ਪ੍ਰਧਾਨਗੀ ਤੇ ਸਕੱਤਰੀ ਦੀ ਸੇਵਾ ਨਿਬਾਹੁੰਦੇ ਹੋਏ ਹਲਾਲ ਮਾਸ ਨੂੰ ਨਿੰਦਦੇ ਤੇ ਵਰਜਦੇ ਹਨ।

(੨) ਇਕ ਹੋਰ ਚੰਗੇ ਸ਼ੈਹਰ ਵਿਚ ਇਕ ਗੁਰ ਸਿਖ ਦੇ ਦਰਸ਼ਨ ਹੋਏ। ਚੰਗੇ ਸੌਖੇ ਘਰਾਨੇ ਵਾਲੇ ਹਨ। ਦਾਸ ਨੇ ਦੋ ਦਿਨਾਂ ਵਿਚ ਹੀ ਦੇਖ ਲਿਆ ਕਿ ਉਹ ਵੀਰ ਰੋਜ਼ ਦੋਨੋ ਵੇਲੇ ਗੁਰਦਵਾਰੇ ਸਾਹਿਬ ਜਾਕੇ ਮਥਾ ਟੇਕ ਕੇ, ਦਰਸ਼ਨ ਕਰਕੇ (ਭਾਵ ਗੁਰ ਹੁਕਮ ਲੈਕੇ) ਇਹ ਸੋਹਣਾ ਨਿਤਨੇਮ ਨਿਬਹੁੰਦੇ ਹਨ। ਦੇਵ ਨੇਤ ਨਾਲ ਇਕ ਹੋਰ ਵੀਰ ਦੁਆਰਾ ਉਨਾਂ ਨਾਲ ਜਾਣ ਪਛਾਣ ਹੋ ਗਈ। ਵਿਚਾਰ ਵਟਾਂਦਰਾ ਹੁੰਦਿਆਂ ਕੁਦਰਤਨ ਹੀ ਮਾਸ ਦੀ ਗਲ ਛਿੜ ਪਈ। ਉਨਾਂ ਆਪਣੀ ਹਡਬੀਤੀ ਸੁਣਾਉਂਦਿਆਂ ਦਸਿਆ ਕਿ ਉਹ ਵੀ ਕਿਸੇ ਸਮੇਂ ਹੋਟਲ ਚਲੌਂਦੇ ਸਨ ਅਤੇ ਉਨਾਂ ਦਾ ਹੋਟਲ ਚੰਗਾ ਕਾਮਯਾਬ ਹੋਟਲ ਸੀ। ਮਾਸ ਅੰਡਾ ਆਦਿ ਸਭ ਕੁਛ ਬਣਦਾ ਸੀ ਤੇ ਮਾਸ ਹਲਾਲ ਦਾ ਹੀ ਵਰਤੋਂ ਵਿਚ ਆਉਂਦਾ ਸੀ ਕਿਉਂਕਿ ਝਟਕਈ ਤਾਂ ਉਥੇ ਕੋਈ ਹੈ ਹੀ ਨਹੀਂ। ਉਹ ਵੀਰ ਜੀ ਅੰਮ੍ਰਿਤਧਾਰੀ ਗੁਰਸਿਖ ਹਨ—ਗਾਤਰੇ ਵਾਲੀ ਕਿਰਪਾਨ ਤੇ ਗੁਰਦੁਆਰੇ ਵਿਦ ਹਾਜ਼ਰੀ ਦਾ ਨਿਤਨੇਮ ਉਨ੍ਹਾਂ ਦੇ ਗੁਰ ਦ੍ਰਿੜਾਈ ਹੁਕਮਾਂ ਨਾਲ ਪਿਆਰ ਨੂੰ ਦਰਸਾਂਦੀ ਸੀ। ਸੋ ਉਨ੍ਹਾਂ ਕਿਹਾ ਕਿ ਇਕ ਦਿਨ ਕਿਸੇ ਹੋਰਸ ਗੁਰਸਿਖ ਵੀਰ ਨਾਲ ਵੀਚਾਰ ਵਿਚ ਜਦ ਝਟਕੇ ਤੇ ਹਲਾਲ ਸਬੰਧੀ ਗਲਬਾਤ ਹੋਈ ਤਾਂ ਉਨਾਂ ਦੇ ਮਨ ਨੇ ਲਾਅਨਤ ਪਾਈ ਕਿ 'ਤੂੰ ਗੁਰ ਸਿਖ ਹੋਕੇ ਹਲਾਲ ਮਾਸ ਬਣਾਉਂਦਾ ਹੈ ?' ਹੁਣ ਪ੍ਰਾਬਲਮ ਇਹ ਸੀ ਕਿ ਝਟਕਾ ਮਿਲਦਾ ਨਹੀਂ। ਹਲਾਲ ਨਾ ਬਣੇ ਤਾਂ ਹੋਟਲ ਕਿਵੇਂ ਚਲੇ? ਤੇ ਫਿਰ ਸਰਦਾਰ ਸਿਖਾਂ ਦਾ ਹੋਟਲ ਜਿਸ ਦੀ ਪ੍ਰਸਿਧਤਾ ਹੀ ਮਾਸ ਦੀਆਂ ਤਰਕਾਰੀਆਂ ਕਰਕੇ ਹੁੰਦੀ ਹੈ ? ਇਹ ਸਭ ਕੁਝ ਵੀਚਾਰ ਕੇ ਸੱਚੀ ਗੁਰਮਤਿ ਦੇ ਪ੍ਰਭਾਵ ਹੇਠ ਉਨ੍ਹਾਂ ਨੇ ਝੱਟ ਹੀ ਹੋਟਲ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ ਤੇ ਦੂਜੇ ਦਿਨ ਹੋਟਲ ਖੋਹਲਿਆ ਹੀ ਨਹੀਂ। ਫਿਰ ਹੋਟਲ ਦਾ ਸਾਮਾਨ ਵੇਚ ਕੇ ਹੋਰ ਕਾਰੋਬਾਰ ਵਿਚ ਲਗ ਪਏ। ਇਹ ਘਟਨਾ ਇਸ ਗਲ ਨੂੰ ਦਰਸਾਉਂਦੀ ਹੈ ਕਿ ਪੰਜਾਬੋਂ ਬਾਹਰ ਭਾਰਤ ਵਿਚ ਕਿਤੇ ਹੋਟਲਾਂ ਤੇ ਝਟਕਾ ਮਾਸ ਨਹੀਂ ਲਭਦਾ ਅਤੇ ਝਟਕੇ ਦੇ ਪਰਦੇ ਹੇਠ ਸਭ ਕਹਿਵਤੀ ਝਟਕਾ ਖੋਰ ਹਲਾਲ ਮਾਸ ਹੀ ਖਾਂਦੇ ਹਨ।

(੩) ਜਦ ਪਹਿਲਾਂ ਪਹਿਲ ਦਾਸ ਦੀ ਬਦਲੀ ਮਦਰਾਸ ਦੀ ਹੋਈ ਤਾਂ ਉਥੇ ਇਕ ਹੋਰ ਸਿਖ ਅਫਸਰ ਨਾਲ ਮੇਲ ਜੋਲ ਹੋਣ ਕਰਕੇ ਉਨਾਂ ਦੇ ਸੰਗ ਸਾਥ ਦਫਤਰੋਂ ਬਾਹਰਲਾ ਸਮਾਂ ਬਿਤਾਇਆ ਕਰਦਾ ਸਾਂ। ਇਕ ਵਾਰੀ ਉਹ ਚੰਗੇ ਪੰਜਾਬੀ ਹੋਟਲ ਤੇ ਗਏ ਝਟਕੇ ਸਬੰਧੀ ਕੁਛ ਦ੍ਰਿੜ ਸਨ। ਇਸ ਲਈ ਉਨਾਂ ਨੇ ਮੁਰਗੇ ਦਾ ਆਰਡਰ ਦਿਤਾ। ਕਹਿਣ ਲਗੇ ਕਿ ਮੁਰਗਾ ਤਾਂ ਸਦਾ ਝਟਕਾ ਹੀ ਹੁੰਦਾ ਹੈ ਕਿਉਂਕਿ ਇਕ ਮਰੋੜੇ ਨਾਲ ਹੀ ਗਰਦਨ ਟੁਟ ਜਾਂਦੀ ਹੈ। ਇਸ ਤਰਾਂ ਮੁਰਗੇ ਦੇ ਮਾਸ ਨੂੰ ਝਟਕਾ ਕਹਿਣਾ ਤੇ ਫਿਰ ਸ਼ੋਰਬਾ ਬਾਰੇ ਸਾਰੇ ਕਿਸਮ ਦੇ ਮਾਸਾਂ ਦਾ ਰਲਿਆ ਮਿਲਿਆ ਖਾਣਾ ਇਹ ਕਿਥੋਂ ਤੱਕ ਝਟਕਾ ਮਾਸ ਖਾਣ ਦੀ ਪਾਬੰਦੀ ਹੈ, ਪਾਠਕ ਆਪ ਵੀ ਵੀਚਾਰ ਕਰ ਸਕਦੇ ਹਨ।

(੪) ਅਖੀਰ ਵਿਚ ਇਕ ਸਭ ਤੋਂ ਜ਼ਰੂਰੀ ਗਲ ਦਰਸਾ ਕੇ ਇਸ ਲੇਖ ਨੂੰ ਸਮਾਪਤ ਕਰਦਾ ਹਾਂ। ਇਕ ਚੰਗੇ ਸ਼ਹਿਰ ਵਿਚ ਇਕ ਪੁਰਾਣੇ


www.AKJ.Org

ਤਜਰਬਾਕਾਰ ਹੋਟਲ ਦੇ ਮਾਲਕ ਸਰਦਾਰ ਸਾਹਿਬ ਨਾਲ ਇਕ ਦਿਨ ਇਸੇ ਮਜ਼ਮੂਨ ਤੇ ਖੁਲ੍ਹਮ ਖੁਲ੍ਹਾ ਤੇ ਬੇਝਿਜਕ ਗਲ ਚਲ ਪਈ। ਗਲ ਬਾਤ ਵਿਚ ਉਹਨਾਂ ਭੇਤ ਵਾਲੀ ਗਲ ਦੱਸੀ ਕਿ ਉਸ ਸ਼ੈਹਰ ਵਿਚ ਝਟਕਾ ਮਾਸ ਮਿਲਦਾ ਹੀ ਨਹੀਂ। ਮੇਰੇ ਪੁਛਣ ਤੇ ਕਿ ਇਥੇ ਤਾਂ ਸਿਖ ਵਸੋਂ ਤਕੜੀ ਹੈ ਤੇ ਉਹਨਾਂ ਵਿਚੋਂ ਬਹੁਤੇ ਮਾਸ ਵੀ ਖਾਂਦੇ ਹਨ ਤਾਂ ਉਹ ਝਟਕੇ ਦਾ ਕੀ ਪ੍ਰਬੰਧ ਕਰਦੇ ਹਨ, ਉਹਨਾਂ ਦਸਿਆ ਕਿ ਅਸਲ ਵਿਚ ਝਟਕਾ ਕਿਸੇ ਨੂੰ ਨਹੀਂ ਲਭਦਾ। ਦਰਅਸਲ ਕੋਈ ਝਟਕਈ ਬਕਰੇ ਨੂੰ ਝਟਕਾ ਕੇ ਆਪਣਾ ਕਾਰੋਬਾਰ ਸਫ਼ਲਤਾ ਨਾਲ ਚਲਾ ਹੀ ਨਹੀਂ ਸਕਦਾ। ਜਾਨਵਰ ਦੀ ਖਲੜੀ ਆਮਦਨੀ ਦਾ ਇਕ ਜ਼ਰੂਰੀ ਸਾਧਨ ਹੈ। ਖੱਲਾਂ ਖਰੀਦਣ ਵਾਲੇ ਸਭ ਮੁਸਲਮਾਨ ਹਨ। ਉਂਜ ਹੀ ਗਰਦਨ ਲੱਥੀ ਖੱਲ ਦਾ ਮੁਲ ਘਟ ਜਾਂਦਾ ਹੈ ਤੇ ਫਿਰ ਮੁਸਲਮਾਨ ਤਾਂ ਗਰਦਨ ਕੱਟੀ ਖੱਲ ਨੂੰ ਖਰੀਦਦੇ ਹੀ ਨਹੀਂ। ਹੁਣ ਦਸੋ ਕਿ ਝਟਕਈ ਝਟਕਾ ਕਰਕੇ ਕਿਵੇਂ ਖੱਟੀ ਖੱਟ ਸਕਦੇ ਹਨ। ਸੋ ਅਸਲ ਵਿਚ ਝਟਕਾ ਝਟਕਾ ਕੋਈ ਨਹੀਂ ਕਰਦਾ। ਸਿਰਫ਼ ਕੇਸ ਦਾੜ੍ਹੀ ਵਾਲੇ ਸਰਦਾਰ ਦਾ ਝਟਕਈ ਅਖਵਾਉਣਾ ਹੀ ਉਸਦੇ ਕਾਰੋਬਾਰ ਦਾ ਮੂਲ ਹੈ। ਇਸ ਗਲ ਦਾ ਵਡਾ ਸਬੂਤ ਇਹ ਹੈ ਕਿ ਤੁਸੀਂ ਝਟਕਈ ਨੂੰ ਕੋਈ ਲਾਲਚ ਦਿਉ ਉਹ ਕਦੇ ਤੁਹਾਨੂੰ ਤੁਹਾਡੇ ਸਾਮਣੇ ਝਟਕਾ ਕਰਕੇ ਮਾਸ ਨਹੀਂ ਦੇਵੇਗਾ। ਸੋ ਉਨਾਂ ਦਸਿਆ ਕਿ ਹਾਲੰਤ ਐਥੋ ਤਕ ਹੈ ਕਿ ਉਹ ਕਹਿਵਤੀ ਝਟਕਈ ਬੁਚੜਾਂ ਕੋਲੋਂ ਮਾਸ ਖਰੀਦ ਕੇ ਆਪਣੇ ਸਿਖ ਗਾਹਕਾਂ ਨੂੰ ਝਟਕੇ ਮਾਸ ਕਰਕੇ ਵੇਚ ਦਿੰਦੇ ਹਨ। ਇਹ ਇਕ ਨਵੀਂ ਗਲ ਹੈ ਜੋ ਦਾਸ ਨੂੰ ਇਸ ਸਬੰਧੀ ਪਤਾ ਲਗੀ। ਇਸ ਅਨੁਸਾਰ ਤੇ ਝਟਕਾ ਕਿਤੇ ਮਿਲ ਹੀ ਨਹੀਂ ਸਕਦਾ—ਖਾਸ ਕਰ ਪੰਜਾਬ ਤੋਂ ਬਾਹਰ ਦੇ ਪ੍ਰਾਂਤਾਂ ਵਿਚ ਤੇ ਪੰਜਾਬ ਵਿਚ ਵੀ ਕੀ ਅਸਲੀਅਤ ਹੈ ਇਸ ਸੰਬੰਧੀ ਦਾਸ ਨੂੰ ਕੋਈ ਜਾਣਕਾਰੀ ਨਹੀਂ। ਇਸਦਾ ਇਹ ਭਾਵ ਨਹੀਂ ਕਿ ਝਟਕਾਖੋਰਾਂ ਨੂੰ ਇਸ ਗਲ ਦਾ ਪਤਾ ਨਹੀਂ। ਜੇ ਮੇਰੇ ਤਕ ਇਹ ਗਲ ਪੁਜ ਸਕਦੀਆਂ ਹਨ ਤਾਂ ਉਨਾਂ ਸਾਰਿਆਂ ਨੂੰ ਨ ਸਹੀ, ਬਹੁਤਿਆਂ ਨੂੰ ਇਸ ਅਸਲੀਅਤ ਦ ਜਾਣਕਾਰੀ ਹੋਣੀ ਹੈ। ਪਰ ਉਹ ਉਭਾਸਰਦੇ ਨਹੀਂ ਕਿਉਂਕਿ ਇਸਤਰਾਂ ਉਹ ਮਾਸ ਖਾਣ ਦੇ ਚਸਕੇ ਤੋਂ ਵਾਂਜੇ ਰਹਿ ਜਾਣਗੇ।

ਇਹ ਹਨ ਕੁਝ Hard facts—ਸਚੀਆ ਤੇ ਖਰੀਆਂ ਗਲਾਂ ਝਟਕੇ ਮਾਸ ਸਬੰਧੀ। ਗੁਰਸਿਖ ਰਹਿਤ ਮਰਯਾਦਾ ਵਿਚ ਮਾਸ ਦੇ ਵਿਸ਼ੇ ਤੇ ਇਸ ਢਿਲਿਆਈ ਨੇ ਕੀ ਕੁਝ ਕਰ ਵਿਖਾਇਆ ਹੈ। ਲੋੜ ਹੈ ਕਿ ਪੰਥ ਦੀ ਗੁਰਮਤਿ ਸਨੇਹੀ ਤੇ ਵਿਦਵਾਨ ਸ਼ਰੇਣੀ ਇਸ ਪਖੰਡ ਦੇ ਪੋਲ ਨੂੰ ਖੋਹਲ ਕੇ ਪੰਥ ਦੀ ਪੁਰਾਤਨ ਖਾਲਸ ਤੇ ਨਿਰਮਲ ਰਹਿਣੀ ਨੂੰ ਪ੍ਰਚਲਤ ਕਰਨ ਲਈ ਯਤਨ ਕਰੇ ਝਟਕਾ ਜਾਂ ਹਲਾਲ—ਦੋਵੇਂ ਮਾਸ ਹਨ। ਜੇ ਅਭੱਖ ਹਨ ਤਾਂ ਦੋਵੇਂ ਤੇ ਜੇ ਭਖਣਯੋਗ ਹਨ ਤ ਵੀ ਦੋਵ। 'ਕੁਠੇ' ਅਖਰ ਦੇ ਖਿਚ ਧੂ ਕੇ ਵਿਗ ਟਢੇ ਅਰਥ ਬਣਾਕੇ ਭੋਲੀ ਭਾਲੀ ਸਿਖ ਜੰਤਾਂ ਨੂੰ ਗੁਰਮਤਿ ਤੋਂ ਕੁਰਾਹੇ ਲਿਜਾਣਾ ਇਹ ਬਹੁਤ ਵਡ ਬੱਜਰ ਪਾਪ ਹੈ। ਕਹਾਵਤ ਹੈ:—

'ਜਿਹਾ ਮੇਰਾ ਅੰਨ, ਤਿਹਾ ਮੇਰਾ ਮਨ।

'ਜਿਸ ਵਸਤੂ ਦੀ ਪ੍ਰਾਪਤੀ ਦਾ ਯਤਨ ਹ ਪਾਪਾਂ ਤੇ ਵਿਕਾਰਾਂ ਦਾ ਕਮਾਉਣਾ ਹੈ, ਉਸ ਵਸਤੂ ਦ ਖਾਧਿਆਂ ਤਾਂ ਪਾਪ ਤੇ ਵਿਕਾਰ ਉਪਜਣੇ ਹੀ ਹਨ। ਸੋ ਇਹ ਮਾਸ ਦਾ ਖਾਣਾ ਹ ਹੈ ਜੋ ਮਹਾਂ ਵਿਕਾਰ ਤੇ ਪਾਪ ਰੂਪ ਹੈ।' ਸਤਿਗੁਰੂ ਜੀ ਨੇ ਗੁਰਸਿਖੀ ਉਦੇਸ਼ ਨਾਮ-ਸਿਮਰਣ ਨਾਲ ਮਨ ਬਿਰਤੀ ਨੂੰ ਜੋੜਨਾ ਦਰਸਾਇਆ ਹੈ ਤਾਂ ਇਹੋ ਜਿਹੀ ਤਾਮਸਕ ਖੁਰਾਕ ਮਨ ਨੂੰ ਵਿਸ਼ੇ ਵਿਕਾਰ ਵਲ ਮੋੜੇਗੀ ਨਾਕਿ ਨਾਮ-ਸਿਮਰਣ ਵਲ। ਗੁਰ ਹੁਕਮ ਸਪਸ਼ਟ ਹੈ—

"ਬਾਬਾ ਹੋਰੁ ਖਾਣਾ ਖੁਸੀ ਖੁਆਰੁ"
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥"

—o—


www.AKJ.org

# ਅਦੁੱਤੀ ਸ਼ਹੀਦੀ

( ਵੈਦ ਰਾਮ ਸਿੰਘ ਜੀ ਅਕਾਲ ਔਸ਼ਧੀ ਭੰਡਾਰ, ਚੌਂਕ ਗੁਰੂ ਨਾਨਕ, ਪਟਿਆਲਾ )

ਸ੍ਰੀ ਗੁਰੂ ਅਰਜਨ ਪਿਆਰੇ ਨੇ।
ਸੀਸ ਧਰਮ ਤੋਂ ਵਾਰੇ ਨੇ।

ਰਿਸ਼ਤਾ ਜਦ ਪੰਡਤ ਕਰ ਆਇਆ।
ਆ ਕੇ ਚੰਦੂ ਤਾਈਂ ਸੁਨਾਇਆ।
ਗੁਸੇ ਹੋ ਪਾਪੀ ਹਤਿਆਰੇ ਨੇ।
ਸ੍ਰੀ ਗੁਰੂ.........

ਕਿਥੇ ਤੂੰ ਪੰਡਤਾ ਅਕਲ ਗਵਾਈ।
ਇਟ ਚੁਬਾਰੇ ਦੀ ਮੋਰੀ ਨੂੰ ਲਾਈ।
ਬੋਲੇ ਬੋਲ ਪਾਪੀ ਹੰਕਾਰੇ ਨੇ।
ਸ੍ਰੀ ਗੁਰੂ.........

ਮੰਨ ਲਇਆ ਸੰਗਤ ਦਾ ਗੁਰੂ ਕਹਿਣਾ।
ਰਿਸ਼ਤਾ ਪਾਪੀ ਦਾ ਨਹੀਂ ਲੈਣਾ।
ਗੁਰਸਿਖੀ ਦੇ ਮਹਿਲ ਉਸਾਰੇ ਨੇ।
ਸ੍ਰੀ ਗੁਰੂ.........

ਜਹਾਂਗੀਰ ਨੂੰ ਚੁਗਲੀਆਂ ਲਾ ਕੇ।
ਸਤਿਗੁਰੂ ਜੀ ਨੂੰ ਲਾਹੌਰ ਬੁਲਾ ਕੇ।
ਦਿਤੀ ਧਮਕੀ ਜ਼ੋਰ ਚਿਤਾਰੇ ਨੇ।
ਸ੍ਰੀ ਗੁਰੂ.........

ਜਹਾਂਗੀਰ ਨੂੰ ਲਾ ਕੇ ਬਹਾਨਾ।
ਸਾਕ ਨੇ ਮੇਰੇ ਏਹ ਰੋਟੀ ਖੁਵਾਨਾ।
ਫਿਰ ਪਾਪੀ ਇਹ ਕੀਤੇ ਕਾਰੇ ਨੇ।
ਸ੍ਰੀ ਗੁਰੂ.........

ਤੱਤੀ ਲੋਹ ਤੇ ਗੁਰੂ ਬਹਾਏ ਨੇ।
ਤਤੇ ਰੇਤੇ ਸੀਸ ਤੇ ਪਾਏ ਨੇ।
ਚੰਦੂ ਜ਼ਾਲਮ ਕਰਮਾਂ ਮਾਰੇ ਨੇ।
ਸ੍ਰੀ ਗੁਰੂ.........

ਚੰਦੂ ਦੀ ਨੂੰਹ ਸੁਣ ਕੇ ਆਈ।
ਮੀਆਂ ਮੀਰ ਨੇ ਦਿਤੀ ਦੁਹਾਈ।
ਲਾਹੌਰ ਤੇ ਦਿਲੀ ਗਰਕ ਕਰਾਂ ਮੁਖੋਂ ਬੋਲ ਪੁਕਾਰੇ ਨੇ
ਸ੍ਰੀ ਗੁਰੂ .........

ਤੇਰਾ ਭਾਣਾ ਮੀਠਾ ਲਾਗੇ।
ਨਾਮ ਪਦਾਰਥ ਨਾਨਕ ਮਾਗੇ।
ਏਹ ਸਤਿਗੁਰ ਸਬਦ ਉਚਾਰੇ ਨੇ।
ਸ੍ਰੀ ਗੁਰੂ .........

ਦੇਗ ਦੇ ਵਿਚ ਉਬਾਲੇ ਗਏ।
ਸ਼ਾਂਤਮਈ ਰਸ ਦੇ ਵਿਚ ਗੁਰੂ ਰਹੇ।
ਰਾਵੀ 'ਚ ਕਰ ਇਸ਼ਨਾਨ ਜੋਤੀ ਜੋਤ ਸਿਧਾਰੇ ਨੇ।
ਸ੍ਰੀ ਗੁਰੂ ........

ਸੰਗਤ ਦਾ ਗੁਰੂ ਬੋਲ ਨਿਭਾ ਗਏ।
ਸ਼ਹੀਦਾਂ ਦੇ ਸਿਰਤਾਜ ਕਹਾ ਗਏ।
ਸਿਖਾਂ ਵਾਸਤੇ ਕਸ਼ਟ ਸਹਾਰੇ ਨੇ।
ਸ੍ਰੀ ਗੁਰੂ .........

ਗੁਰੂ ਗ੍ਰੰਥ ਜਹਾਜ਼ ਬਣਾ ਗਏ ਨੇ।
ਸਾਨੂੰ ਨਾਮ ਦਾ ਚੱਪੂ ਫੜਾ ਗਏ ਨੇ।
ਜਿਨ੍ਹਾਂ ਸਿਮਰਿਆ ਤਰ ਗਏ ਸਾਰੇ ਨੇ।
ਸ੍ਰੀ ਗੁਰੂ .........

ਆਵੋ ਫੁਟ ਦਾ ਨਾਮ ਮਿਟਾਈਏ।
ਮਿਸ਼ਨ ਗੁਰੂ ਦਾ ਸਭ ਅਪਨਾਈਏ।
ਵੈਦ ਸਤਿਗੁਰੂ ਬਖਸ਼ਨਹਾਰੇ ਨੇ।
ਸ੍ਰੀ ਗੁਰੂ .........


www.AKJ.org

# ਦੋਹਤਾ ਬਾਣੀ ਦਾ ਬੋਹਿਥਾ

( ਭਾਈ ਮਾਲਿਕ ਸਿੰਘ ਜੀ B.Sc. ਕਾਨ੍ਹਪੁਰ )

ਇਹ ਉਪਰੋਕਤ ਸਚਾਈ ਭਰੇ ਅਟਲ ਭਵਿਖਤ ਮਹਾਂਵਾਕ ਸਾਹਿਬ ਗੁਰੂ ਅਮਰਦਾਸ ਜੀ ਨੇ ਬੀਬੀ ਭਾਣੀ ਜੀ ਨੂੰ ਮੁਖਾਤਬ ਕਰਕੇ, ਅਪਣੇ ਦੋਹਤ੍ਰਾ ਸ੍ਰੀ (ਗੁਰੂ) ਅਰਜਨ ਦੇਵ ਜੀ ਪ੍ਰਤਿ, ਉਚਾਰਨ ਕੀਤੇ ਸਨ ਜਿਸ ਦਾ ਸਪਸ਼ਟ ਭਾਵ ਇਹ ਸੀ ਕਿ ਇਹ ਦੋਹਤਾ (ਸ੍ਰੀ ਗੁਰੂ ਅਰਜਨ ਦੇਵ ਜੀ) ਬਾਣੀ ਦਾ ਬੋਹਿਥਾ (ਜਹਾਜ਼) ਹੋਵੇਗਾ ਇਸ ਦੋਹਿਤੇ ਬਾਣੀ ਦੇ ਬੋਹਿਥੇ, ਨੇ ਗੁਰਬਾਣੀ ਦਾ ਜਹਾਜ਼' ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਇਕ ਅਮਰ, ਜੁਗ ਜੁਗ ਅਟਲ ਗ੍ਰੰਥ ਰਚ ਕੇ ਜੋ ਮਸਾਲ ਸੰਸਾਰ ਦੇ ਸਾਮਣੇ ਰਖੀ ਉਸ ਦਾ ਸੰਸਾਰ ਹਮੇਸ਼ਾ ਰਿਣੀ (ਦੇਣਦਾਰ) ਰਹੇਗਾ। ਅਜਤਕ ਸੰਸਾਰ ਵਿਚ ਇਹ ਪਹਿਲਾ ਅਤੇ ਆਖਰੀ ਧਾਰਮਕ ਗਰੰਥ ਹੋਏਗਾ ਜਿਸ ਵਿਚ ਜ਼ਾਤਿਪਾਤਿ, ਦੇਸ਼ ਬਿਦੇਸ਼ ਭਾਸ਼ਾ ਆਦਿ ਦੇ ਭੇਵ ਭਾਵ ਖਤਮ ਕਰਕੇ ਹਰ ਉਚ ਕੋਟੀ ਦੇ ਭਗਤ ਸੰਤ ਫਕੀਰ, ਆਦਿ ਦੀਆਂ ਸਰਬ ਸਾਂਝੀਆਂ ਸਚਾਈਆਂ ਅਸੂਲਾਂ, ਪ੍ਰਭੂ ਸਿਮਰਨ ਦੀਆਂ ਉਚ ਅਵਸਥਾਵਾਂ ਉਚ ਉਡਾਰੀਆਂ ਅਸਲੀ ਆਤਮ ਗਿਆਨ, ਬ੍ਰਹਮ ਗਿਆਨ ਨੂੰ ਜਗ੍ਹਾ ਦਿਤੀ ਹੈ। ਸ੍ਰੀ ਗੁਰੂ ਅਰਜਨ ਸਾਹਿਬ ਨੇ ਸਰਬ ਗੁਰੂ ਵਯਕਤੀਆਂ ਦੁਆਰਾ ਉਚਾਰਨ ਕੀਤੀ ਗੁਰਬਾਣੀ ਨੂੰ ਤਾਂ ਸੰਭਾਲਿਆ ਹੀ ਸੀ ਪਰ ਇਸ ਦੇ ਨਾਲ ਨਾਲ ਹੋਰ ਮਤ ਮਤਾਤ੍ਰਾਂ ਦੇ ਭਗਤਾਂ, ਸੰਤਾਂ, ਫਕੀਰਾਂ...... ਆਦਿ ਦੀ ਬਾਣੀ ਨੂੰ ਇਸ ਗ੍ਰੰਥ ਵਿਚ ਉਚ ਸਥਾਨ ਦੇ ਕੇ ਜੋ ਅਮਲੀ ਤੌਰ ਤੇ ਗੁਰ ਹੁਕਮਾਂ ਅਨੁਸਾਰ 'ਸਭੇ ਸਾਂਝੀਵਾਲ ਸਦਾਇਨ' ਅਥਵਾ ਤੂੰ ਸਾਂਝਾ ਸਾਹਿਬ ਬਾਪ ਹਮਾਰਾ ਅਥਵਾ ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸਬੂਤ ਦਿਤਾ ਉਸ ਦੀ ਮਸਾਲ ਉਹ ਆਪ ਹੈ। ਆਪ ਦੀ ਇਸ ਵਿਦਵਤਾ, ਦੂਰ ਅਦੇਸ਼ੀ, ਅਸਚਰਜ ਰਚਨਾ ਤੋਂ ਪ੍ਰਭਾਵਿਤ ਹੋ ਕੇ ਮੈਕਾਲਿਫ ਲਿਖਦਾ ਹੈ—

"ਸਿਖ ਧਰਮ, ਜਿਥੋਂ ਤਕ ਇਸ ਦੇ ਮੁਖ ਸਿਧਾਤਾਂ ਦਾ ਸਬੰਧ ਹੈ, ਦੂਸਰੇ ਲਗ ਪਗ ਸਾਰੇ ਵਡੇ ਧਰਮਾਂ ਦੇ ਸਿਧਾਤਾਂ ਨਾਲ ਬਹੁਤ ਭੇਦ ਰਖਦਾ ਹੈ। ਸੰਸਾਰ ਵਿਚ ਜੋ ਵਡੇ ਵਡੇ ਧਰਮ ਪ੍ਰਚਾਰਕ ਹੋਏ ਹਨ, ਉਨ੍ਹਾਂ ਵਿਚ ਕੋਈ ਵੀ ਆਪਣੀ ਲਿਖੀ ਹੋਈ ਇਕ ਪੰਗਤੀ ਵੀ ਪਿਛੇ ਨਹੀਂ ਛਡ ਗਿਆ। ਜੋ ਕੁਝ ਉਨ੍ਹਾਂ ਨੇ ਪ੍ਰਚਾਰਿਆ ਹੈ, ਉਸ ਦਾ ਪਤਾ ਸਾਨੂੰ ਜਾਂ ਤਾਂ ਪ੍ਰਚਲਤ ਰਵਾਂਇਤਾਂ ਤੋਂ ਲੱਗਦਾ ਹੈ, ਜਾਂ ਹੋਰਨਾਂ ਦੀਆਂ ਲਿਖਤਾਂ ਤੋਂ। ਫੈਸਾ ਗੌਰਸ (ਯੂਨਾਨੀ ਫਿਲਾਸਫ਼ਰ ਸੁਕਰਾਤ ਨੂੰ ਸਿਖਿਆ ਦੇਣ ਵਾਲਾ) ਨੇ ਜੋ ਕੋਈ ਆਪਣੇ ਸਿਧਾਂਤ ਲਿਖੇ ਹਨ, ਉਹ ਸਾਡੇ ਤਕ ਨਹੀਂ ਪਹੁੰਚੇ। ਸੁਕਰਾਤ ਦੀ ਸਿਖਿਆ ਦਾ ਪਤਾ ਸਾਨੂੰ ਕੇਵਲ ਅਫਲਾਤੂਨ ਤੇ

www.AKJ.Org

ਜੇਨਾਫ਼ਨ (Xenophen) ਦੀਆਂ ਲਿੱਖਤਾਂ ਤੋਂ ਹੀ ਲਗਦਾ ਹੈ। ਬੁਧ ਆਪਣੀ ਸਿਖਿਆ ਦੀ ਯਾਦ ਆਪਣੀ ਕਿਸੇ ਲਿਖਤ ਵਿਚ ਨਹੀਂ ਛਡ ਗਿਆ। ਪਛਮੀ ਲੋਕ ਜਿਸ ਨੂੰ ਕਨਫ਼ਯੂਸ਼ਸ ਕਹਿੰਦੇ ਹਨ, ਉਹ ਪਿਛੇ ਆਪਣੇ ਸਮਾਜਕ ਤੇ ਇਖ਼ਲਾਕੀ ਸਿਧਾਤਾਂ ਬਾਰੇ ਕੋਈ ਲਿਖਤ ਨਹੀਂ ਛਡ ਗਿਆ। ਈਸਾਈਅਤ ਦੇ ਬਾਨੀ, ਈਸਾ ਨੇ ਵੀ ਆਪਣੇ ਸਿਧਾਂਤ ਨੂੰ ਕਿਸੇ ਲਿਖਤ ਵਿਚ ਨਹੀਂ ਪੇਸ਼ ਕੀਤਾ। ਉਨਾਂ ਸਬੰਧੀ ਵੀ ਸਾਨੂੰ ਮੈਥੀਉ, ਮਾਰਕ ਲੂਕ ਅਤੇ ਜੌਹਨ ਦੀਆਂ ਲਿਖਤਾਂ ਤੇ ਹੀ ਭਰੋਸਾ ਕਰਨਾ ਪੈਂਦਾ ਹੈ। ਅਰਬ ਦੇ ਪੈਗੰਬਰ ਮੁਹੰਮਦ ਨੇ ਵੀ ਕੁਰਾਨ ਦੇ ਸਿਪਾਰਿਆਂ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ ਸਗੋਂ ਉਹ ਉਸਦੇ ਖਲੀਫਿਆਂ ਜਾਂ ਨਾਮ-ਲੇਵਾ ਨੇ ਹੀ ਲਿਖਿਆ ਜਾਂ ਇਕਤਰ ਕੀਤਾ ਹੈ। ਪਰੰਤੂ ਸਿਖ ਗੁਰੂਆਂ ਦੀ ਬਾਣੀ ਉਨਾਂ ਦੀ ਆਪਣੀ ਲਿਖੀ ਹੋਈ ਅਤੇ ਸੰਭਾਲੀ ਹੋਈ ਮਿਲਦੀ ਹੈ ਅਤੇ ਜੋ ਕੁਝ ਸਿਖਿਆ ਉਨਾਂ ਨੇ ਦਿਤੀ ਹੈ, ਉਸ ਦਾ ਪਤਾ ਸਾਨੂੰ ਉਨ੍ਹਾਂ ਦੀ ਆਪਣੀ ਲਿਖਤ ਤੋਂ ਲਗਦਾ ਹੈ।

(Copied from ਗੁਰਮਤ ਫਿਲਾਸਫੀ ਰਚਿਤ ਗਿਆਨੀ ਪ੍ਰਤਾਪ ਸਿੰਘ 2nd Edition page 153 )

ਇਹ ਬਾਣੀ ਦਾ ਬੋਹਿਥਾ, ਸ਼ਹੀਦਾਂ ਦਾ ਸਿਰਤਾਜ, ਸ਼ਾਂਤੀ ਦਾ ਪੁੰਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪਹਲੇ ਗੁਰੂ ਵਿਯਕਤੀ ਸਨ ਜੋ ਕਿ ਗੁਰੂ ਸੰਤਾਨ ਵਿਚੋਂ ਸਨ। ਸ੍ਰੀ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ ਤਕ ਗੁਰੂ ਗਦੀ ਪੁਤਰਾਂ ਨੂੰ ਨਹੀਂ ਸੀ ਮਿਲਦੀ ਰਹੀ। ਆਪਜੀ ਨੂੰ ਸਤੰਬਰ ੧੫੮੧ ਵਿਚ ਜਦ ਕਿ ਆਪਦੀ ਉਮਰ ਲਗਪਗ ੧੮ ਸਾਲ ਦੀ ਸੀ, ਗੁਰ ਗਦੀ ਪੂਰਨ ਗੁਰਮਤਿ ਰਸਮ ਅਨੁਸਾਰ ਪ੍ਰਾਪਤ ਹੋਈ।

## ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਵਡੇ ਵਡੇ ਚਾਰ ਪਰ ਉਪਕਾਰ

੧. ਗੁਰਬਾਣੀ ਦੀ ਰਚਨਾ:—

ਆਪ ਨੇ ੧੬੦੧ ਤੋਂ ੧੬੦੪ ਈ ਤਕ ਗੁਰੂਆਂ, ਭਗਤਾਂ ਭਟਾਂ......ਆਦਿ ਦੀ ਬਾਣੀ ਨੂੰ ਰਾਮਸਰ ਵਿਖੇ ਭਾਈ ਸਾਹਿਬ ਭਾਈ ਗੁਰਦਾਸ ਜੀ ਤੋਂ ਲਖਵਾਈ। ਆਪ ਨੇ ਸਾਰੀਆਂ ਪ੍ਰਚਲਤ ਭਾਸ਼ਾਵਾਂ, ਬੋਲੀਆਂ ਨੂੰ ਯੋਗ ਸਥਾਨ ਅਤੇ ਸਤਿਕਾਰ ਦਿਤਾ। ਰਾਗ ਵਿਦਿਆ ਨੂੰ ਜੋ ਸਤਿਕਾਰ ਆਪ ਨੇ ਦਿਤਾ ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ ਹੈ। ਇਹ ਕਾਰਨ ਹੈ ਕਿ ਸਿਖ ਜਗਤ ਵਿਚ ਅਜ ਰਾਗ ਵਿਦਿਆ ਸ਼ਿਖਰ ਤੇ ਪਹੁੰਚ ਰਹੀ ਹੈ ਤੇ ਘਰ ਘਰ 'ਕੀਰਤਨ' ਦੀ ਧੁਨੀ ਸੁਣਾਈ ਦੇਂਦੀ ਹੈ। ਆਪ ਨੇ ਗੁਰਬਾਣੀ ਨੂੰ ਰਾਗਾਂ ਤੇ ਗਾਇਣ ਕਰਦੇ ਪ੍ਰਭੂ ਉਸਤਤਿ ਦੇ ਅਗੰਮੀ, ਅਦਭੁਤ ਅਨੰਦ ਨੂੰ ਸੋਨੇ ਤੇ ਸੁਹਾਗਾ ਫੇਰਨ ਦਾ ਕੰਮ ਕੀਤਾ ਹੈ ਆਪ ਜੀ ਨੇ ੩੦ ਮੁਖ ਰਾਗਾਂ ਵਿਚ ਗੁਰਬਾਣੀ ਨੂੰ ਉਚਾਰਨ ਕੀਤਾ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਲਮ ਬੰਦ ਕੀਤੀ ਹੈ। ਲਗ ਪਗ ਅਕਾਰ 'ਚ ਅਧੀ ਰਚਨਾ ਆਪ ਜੀ ਦੀ ਉਚਾਰੀ ਹੋਈ ਹੈ।

## ੨. ਗੁਰਬਾਣੀ ਦੀ ਪ੍ਰਖ

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਗੁਰੂ ਘਰ ਦੀ ਰੀਸੇ ਕਈ ਕਵੀਆਂ, ਵਿਦਵਾਨਾਂ ਨੇ ਨਾਨਕ ਨਾਮ ਦੇ ਤੁਖਲਸ ਹੇਠ ਆਪਨੀ ਬਾਣੀ ਰਚ ਕੇ


www.AKJ.org

ਲੋਕਾਂ, ਆਮ ਜਨਤਾ, ਨੂੰ ਧੋਖੇ ਵਿਚ ਪਾਨ ਦਾ ਯਤਨ ਜਾਰੀ ਕਰ ਦਿਤੀ ਸੀ ਉਧਾਰਨ ਤੇ ਤੌਰ ਤੇ ਉਸ ਸਮਯ ਥਲੇ ਲਿਖੀਆਂ ਬਾਣੀਆਂ ਪ੍ਰਚਲਤ ਹੋ ਚੁਕੀਆਂ ਸਨ:—

੧. ਪ੍ਰਾਨ ਸੰਗਲੀ ੨. ਸੋਰਠ ਕੀ ਵਾਰ ੩. ਬਿਹੰਗਮਬਾਣੀ ੪. ਕਕੜ ਵਿਚਾਰ ੫. ਭੋਗਲ ਪੁਰਾਣ ੬. ਤਿਲੰਗ ਕੀਵਾਰ ੭. ਗਿਆਨ ਸਰੋਦ ੮. ਨਸੀਅਤ ਨਾਮਾ। ੯. ਸਿਧ ਗੋਸ਼ਟ ਰਾਗ ਆਸਾ ੧੦ ਜੋਗਸਿਧ ਬਾਬਾ ਨਾਨਕ ਜੀ। ਜੋਗ ਮਾਰਗ ੧੨ ਰਾਮ ਕਲੀ ਰਤਨ ਮਾਲਾ ੧੩ ਗਉੜੀ ਪੂਰਬੀ ਬਾਵਨ ਅਖਰੀ ੧੪ ਹਾਜ਼ਰਨਾਮਾ ੧੫. ਪਾਕਨਾਮਾ ੧੬. ਕਰਨੀ ਨਾਮਾ......ਆਦਿ।

ਇਸੇ ਤਰੀਕੇ ਨਾਲ ਅਨੇਕਾਂ ਮਨਘੜਤ ਕਹਾਵਤਾਂ ਜੈਸੇ 'ਏਕ ਨੇ ਕਹੀ ਦੂਸਰੇ ਨੇ ਮਾਨੀ, ਨਾਨਕ ਦੋਨੋ ਬ੍ਰਹਮ ਗਿਆਨੀ, ਆਪ ਦੇ ਨਾਮ ਨਾਲ ਪ੍ਰਚਲਤ ਕੀਤੀਆਂ ਗਈਆਂ ਸਨ। ਇਸ ਲਈ ਆਮ ਜਨਤਾ ਲਈ ਇਹ ਸਮਝਨਾ ਬੜਾ ਕਠਨ ਹੋ ਚੁਕਾ ਸੀ ਕਿ ਕੇਹੜੀ ਬਾਣੀ ਅਸਲੀ ਗੁਰਬਾਣੀ ਹੈ ਤੇ ਕਰੜੀ ਨਕਲੀ ਅਥਵਾ ਕਚੀ ਬਾਣੀ ਹੈ। ਇਹ ਇਕ ਬੜੀ ਖੋਜ ਅਤੇ ਮੇਹਨਤ ਦਾ ਕੰਮ ਹੀ ਨਹੀਂ ਸੀ ਸਗੋਂ ਇਸ ਲਈ ਉਚ ਆਤਮਕ ਅਵਸਥਾ ਦੀ ਲੋੜ ਸੀ, ਇਸ ਜਟਲ ਸਮਸਯਾ ਨੂੰ ਆਪ ਗੁਰੂ ਵਯਕਤੀ ਹੋਣ ਦੇ ਕਾਰਨ 'ਜੋਤਿ ਓਹਾ ਜੁਗਤ ਓਹਾ ਸਹਿ ਕਾਇਆ ਫੇਰ ਪਲਟੀਐ' ਮਹਾਵਾਕਾਂ ਅਨੁਸਾਰ ਆਪ ਨੇ ਸਚੀ ਬਾਣੀ, ਗੁਰਬਾਣੀ ਨੂੰ ਇਕਠਿਆਂ ਕਰਕੇ ਇਸ ਗ੍ਰੰਥ ਵਿਚ ਲਿਖ ਦਿਤਾ ਤੇ ਬਾਕੀ ਕਚੀਆਂ, ਮਨਘੜਤ, ਬਾਣੀ ਨੂੰ ਅਪ੍ਰਵਾਨ ਕੀਤਾ। ਇਹਨਾਂ ਕਚੀਆਂ ਬਾਣੀਆਂ 'ਚੋਂ ਕੁਝ ਕੁ ਬਾਣੀ ਸਾਨੂੰ ਅਜ ਵੀ ਸੁੰਦਰ ਗੁਟਕਿਆਂ ਆਦਿ ਵਿਚ ਦੇਖਨ ਨੋਂ ਮਿਲ ਰਹੀਆਂ ਹਨ। ਜੇਕਰ ਆਪ ਇਹ ਪਰਉਪਕਾਰ ਨ ਕਰਦੇ ਤਾਂ ਸਿਖ ਧਰਮ ਇਤਨਾ ਨਾ ਫੈਲ ਸਕਦਾ ਅਤੇ ਸਿਖੀ ਅਸੂਲ ਕਦ ਦੇ ਖਤਮ ਹੋ ਚੁਕੇ ਹੋਨੇ ਸਨ। ਅਕਾਲ ਪੁਰਖ ਦੇ ਗੁਣਾਂ ਦਾ ਪੁੰਜ, ਧੁਰ ਦਰਗਾਹ ਦੀ ਬਾਣੀ, ਨੂੰ ਤਾਂ ਮਨਮਤੀ, ਚੰਚਲ ਬੁਧੀ ਵਾਲੇ ਵਿਦਵਾਨਾਂ ਨੇ, ਖੁਸਕ ਫਿਲਾਸਫਰਾਂ, ਦਿਮਾਗੀ ਗਿਆਨ ਦੇ ਕੀੜਿਆਂ ਨੇ, ਨਿਰੇ ਅਕਲ ਅਤੇ ਮਾਈਆਂ ਦੇ ਅਨਿਆਂ ਨੇ ਕਦ ਦੀ ਮਿਲਗੋਭਾ ਬਨਾ ਦਿਤੀ ਹੋਨੀ ਸੀ ਅਤੇ ਅਸਲੀਅਤ ਨੂੰ ਛਿਪਾ ਦੇਣਾ ਸੀ। ਗੁਰੂਆਂ ਦੀ ਘਾਲਨਾ ਸਭ ਵਯਰਬ ਚਲੀ ਜਾਨੀ ਸੀ। ਇਸ ਲਈ ਇਸ ਮਹਾਨਧਾਰਮਕ ਗਰੰਥਾਂ ਦੀ ਰਚਨਾ ਕਰਨਾ, ਇਹ ਗੁਰੂ ਸਾਹਬਿਾਂ ਦਾ ਸਭ ਤੋਂ ਵਡਾ ਪਰਉਪਰਾਰ ਹੈ। ਖਾਸ ਕਰ ਕੇ ਸਿਖ ਜਗਤ ਨੂੰ ਤਾਂ ਇਹ ਆਪਦੀ ਇਕ ਅਟਲ, ਅਭੁਲ, ਅਮਰ ਦੇਨ ਹੈ। ਇਹ ਗੁਰੂ ਸਾਹਿਬਾਂ ਦੀ ਰਚਨਾ ਹੀ ਸਾਡੇ ਪਾਸ ਹਰ ਧਾਰਮਕ, ਰਾਜਨੀਤਕ, ਘਰੇਲੂ ਮਸਲੇ ਹਲ ਕਰਨ ਅਤੇ ਪ੍ਰਖਨ ਦੀ ਕਸੌਟੀ ਹੈ।

## ੩. ਹਰਿ ਮੰਦਰ ਸਾਹਿਬ ਦੀ ਸਥਾਪਨਾ

ਸੰਸਾਰ ਤੇ (Architect) ਕਲਾਕਾਰਾਂ ਦੀ ਘਾਟ ਨਹੀਂ ਪਰ ਜੋ Architect ਦਾ ਸਬੂਤ ਆਪ ਨੇ ਦਿਤਾ ਹੈ। ਉਸਦੀ ਮਸਾਲ ਰਹਿੰਦੀ ਦੁਨੀਆਂ ਤਕ ਜੁਗ ਜੁਗ ਅਟਲ ਰਹੇਗੀ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨਕਸ਼ਾ ਅਪਨੀ ਹਥੀ ਬਨਾਇਆ ਅਤੇ ਉਸਦੀ ਉਸਾਰੀ ਕਾਰ ਸੇਵਾ ਕਰਵਾਈ। ਆਪ ਦੀ ਇਸ ਕਲਾਕਾਰੀ ਨੂੰ ਦੇਖ ਦੁਨੀਆਂ ਦੰਗ ਹੋ ਰਹੀ ਹੈ ਅਤੇ ਸੰਸਾਰ ਦੇ ਕੋਨੇ


www.AKJ.Org

ਕੋਨੇ ਤੋਂ ਆਕੇ ਇਸ Golden temple ਦੇ ਦਰਸ਼ਨ ਕਰਕੇ ਆਪ ਜੀ ਦੀ ਕਲਾਕਾਰੀ ਅਗੇ ਸੀਸ ਝੁਕਾਉਂਦੇ ਹਨ ਤੇ ਪ੍ਰੇਰਨਾ ਲੈ ਰਹੇ ਹਨ। ਗੁਰਿਆਈ ਮਿਲਨ ਤੋਂ ਬਾਦ ਆਪ ਨੇ ਜਲਦੀ ਹੀ ਜਨ ਸੇਵਾ ਵਲ ਧਿਆਨ ਦਿਤਾ। ਆਪ ਨੇ ਅੰਮ੍ਰਿਤ ਸਰੋਵਰ ਪਕਾ ਕਰਾਇਆ। ਸੰਤੋਖਸਰ, ਹਰਿਮੰਦਰ ਸਾਹਿਬ ਦੀ ਉਸਾਰੀ, ਤਰਨਤਾਰਨ ਦਾ ਤਾਲ, ਕਰਤਾਰਪੁਰ; ਤਰਨ ਤਾਰਨ, ਛਿਹਰਟਾ ਸਾਹਿਬ, ਸ੍ਰੀ ਗੋਬਿੰਦਪੁਰ, ਬਾਉਲੀ ਸਾਹਿਬ ਲਾਹੌਰ, ਰਾਮਸਰ ਅੰਮ੍ਰਿਤਸਰ, ਗੁਰੂ ਕਾ ਬਾਗ ...ਆਦਿ ਅਨੇਕ ਜਨ ਸਥਾਨਾ ਦੀ ਆਪ ਨੇ ਸੇਵਾ ਕਰਾਈ, ਨਹੀਆਂ ਰਖੀਆਂ, ਜਿਹਨਾਂ ਦੀ ਕਿ ਉਸ ਸਮਯ ਅਤਿਅੰਤ ਲੋੜ ਸੀ।

## ਸ਼ਹੀਦਾਂ ਦੀ ਨੀਂਹ ਰਖਣਾ

ਆਪ ਕੇਵਲ ਕਲਾਕਾਰ ਜਾਂ ਸੰਤ ਹੀ ਨਹੀਂ ਸਨ, ਸੰਘਰਸ਼ ਅਤੇ ਮੁਸੀਬਤਾਂ ਤੋਂ ਜੀਅ ਚੁਰਾਣਾ ਆਪ ਦਾ ਸੁਭਾਵ ਨਹੀਂ ਸੀ ਨਿਰਾਸਤਾ ਆਪ ਦੇ ਚੇਹਰੇ ਤੇ ਨਹੀਂ ਆਈ। ਆਪ ਅੰਦਰ ਡੂੰਘਾ ਪ੍ਰਭੂ ਵਿਸ਼ਵਾਸ ਸੀ। ਜਿਤਨਾ ਹੀ ਆਪ ਦੇ ਜੀਵਨ ਵਿਚ ਦੁਖ ਕਲੇਸ਼ ਦੀ ਮਾਤਰਾ ਵਿਰੋਧੀਆਂ ਕਾਰਨ ਵਧ ਸੀ ਉਤਨੀ ਹੀ ਆਪ ਦੇ ਅੰਦਰ ਸ਼ਾਂਤੀ ਪਰਦਾਨ ਕਰਨ ਦਾ ਮਾਦਾ ਵੀ ਅਧਿਕ ਸੀ। ਆਪ ਨੇ ਵਿਰੋਧੀਆਂ ਦਾ ਮੁਕਾਬਲਾ ਸ਼ਾਂਤੀ ਨਾਲ ਕੀਤਾ। ਅਨਿਆਏ ਦੇ ਸੁਾਮਨੇ ਘੁਟਨੇ ਟੇਕਨਾ ਤਾਂ ਆਪ ਸਿਖਿਆ ਹੀ ਨਹੀਂ ਸੀ। ਉਧਾਰਨ ਦੇ ਤੌਰ ਤੇ ਜਦ ਬਾਦਸ਼ਾਹ ਨੇ ੧) ਪ੍ਰਤਿ ਘਰ ਅੰਮ੍ਰਿਤਸਰ ਤੇ ਕਰ ਲਾਇਆ ਤਾਂ ਆਪ ਨੇ ਕਰ ਦੇਨ ਤੋਂ ਇਨਕਾਰ ਕਰ ਦਿਤਾ ਤੇ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਾਰੇ ਅੰਮ੍ਰਿਤਸਰ ਦੇ ਨਿਵਾਸੀ ਇਸ ਕਰ ਤੋਂ ਬਚ ਗਏ।

ਆਪ ਦੀ ਰਚਨਾ 'ਚ ਕਿਧਰੇ ਵੀ ਕਾਮਾਦਿਕ ਵਿਕਾਰਾਂ ਅਗੇ, ਝੁਕਣ ਦੀ ਪ੍ਰੇਰਨਾ ਨਹੀਂ ਮਿਲਦੀ, ਨ ਹੀ ਆਪ ਨੇ ਕਿਧਰੇ ਜਬਰ ਅਤੇ ਅਨਿਆਂ ਦੇ ਸਾਹਮਣੇ ਹਥਿਆਰ ਸੁਟਣਾ ਦਸਿਆ ਹੈ। ਇਹੋ ਹੀ ਕਾਰਨ ਸੀ ਕਿ ਆਪ ਨੇ ਸ਼ਹਾਦਤ ਨੂੰ ਖਿੜੇ ਮਥੇ ਪ੍ਰਵਾਨ ਕੀਤਾ ਤੇ ਸਾਡੇ ਲਈ ਅਮਲੀ ਤੌਰ ਤੇ ਸਚਾਈ ਪਿਛੇ ਲੜ ਮਰਨ, ਸ਼ਹੀਦ ਹੋਣ ਦੇ ਪੂਰਨੇ ਪਾਏ। ਉਦਾਹਰਣ ਦੇ ਤੌਰ ਤੇ ਪ੍ਰੇਮ ਖੇਡਦੀ ਦ੍ਰਿੜਤਾ ਥਲੇ ਲਿਖੀਆਂ ਪੰਕਤੀਆਂ ਤੋਂ ਪ੍ਰਖੀ ਜਾ ਸਕਦੀ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣਕਾ ਤਉ ਆਉ ਹਮਾਰੈ ਪਾਸਿ ॥

੩੦ ਮਈ ੧੬੦੬ ਨੂੰ ਲਾਹੌਰ ਵਿਖੇ ਸ਼ਹੀਦ ਹੋਏ!

ਆਪ ਜੀ ਦੀ ਸਾਰੀ ਰਚਨਾ ਇਸ ਗਲ ਤੇ ਜ਼ੋਰ ਦਿੰਦੀ ਹੈ ਕਿ ਪ੍ਰਭੂ ਭਗਤੀ ਦੁਆਰਾ ਸਾਰੀਆਂ ਆਸਾਂ ਪੂਰਨ ਹੁੰਦੀਆਂ ਹਨ ਸਾਰੇ ਦੁਖਾਂ ਕਲੇਸ਼ਾਂ ਦਾ ਇਲਾਜ ਪ੍ਰਭੂ ਸਿਮਰਨ ਹੀ ਹੈ। ਆਪ ਨੇ ਮਨੁਖਤਾ ਲਈ ਆਸ਼ਾ, ਖੁਸ਼ੀ ਤੇ ਸ਼ਾਂਤੀ ਦਾ ਸੰਦੇਸ਼ ਦਿਤਾ।

ਆਪ ਦੀ ਸਾਰੀ ਰਚਨਾ ਦ੍ਰਿੜਤਾ ਵਾਲਾ ਜੀਵਨ ਜੀਣ ਦਾਬਲ ਦੇਂਦੀ ਹੈ। ਬੁਰਿਆਈ, ਕਮਜ਼ੋਰੀ ਵਿਰੁਧ ਡਟ ਕੇ ਮੁਕਾਬਲਾ ਕਰਨ ਦੀ ਦਲੇਰੀ ਦੇਂਦੀ ਹੈ। ਕਿਸੇ ਦੀ ਈਨ ਮਨਣਾ, ਕਮਜ਼ੋਰੀ ਅਗੇ ਝੁਕਨਾ ਨਹੀਂ ਸਗੋਂ ਮੁਕਾਬਲਾ ਕਰਨ ਦੀ ਜਾਚ, ਸ਼ਾਤੀ ਨਾਲ ਮਰ ਮਿਟਨ ਦੀ ਪ੍ਰੇਰਨਾ ਆਪ ਦੀ ਰਚਨਾ ਤੋਂ ਮਿਲਦੀ ਹੈ। ਹੈਰਾਨੀ ਹੈ ਕਿ ਕੋਮਲ ਭਾਵਾਂ ਤੇ ਵਿਚਾਰਾਂ ਵਾਲਾ ਮਹਾਨ ਵਿਦਵਾਨ ਤੇ ਕਲਾਕਾਰ ਬਾਣੀ ਦਾ ਬੋਹਿਥਾ, ਉਚ ਕੋਟੀ ਦਾ ਲਿਖਾਰੀ ਸ਼ਾਂਤੀ ਦਾ ਪੁੰਜ ਸ਼ਹਾਦਤ ਲਈ ਕਿਵੇਂ ਤਤਪਰ ਹੋ ਗਿਆ ਪਰ ਇਹੋ ਤੇ ਪੂਰਨ ਵਿਦਵਾਨ ਦੀ ਪਰਖ ਹੈ।


www.AKJ.Org

# ੴ ਅੰਮ੍ਰਿਤ ਦੀ ਕਲਾ ੴ

( ਭਾਈ ਗੁਰਦੇਵ ਸਿੰਘ ਜੀ N.P.C.C. ਚਨੈਨੀ )

ਜਿਸ ਨੇ ਤੇਰੇ ਅੰਮ੍ਰਿਤ ਦਾ ਘੁੱਟ ਪੀਤਾ, ਅਜਬ ਮਸਤੀ ਵਿਚ ਸਰਸ਼ਾਰ ਹੋਇਆ।
ਚੜ੍ਹਦੀਆਂ ਕਲਾਂ 'ਚ ਸ਼ਰਧ ਹੋਈ ਉਹਦੀ ਰਜ ਕੇ ਉਹ ਤ੍ਰਿਪਤ ਵਿਚ ਪਿਆਰ ਹੋਇਆ।
ਪਰੇਮ ਭਾਉ ਦਾ ਐਸਾ ਫੁਲ ਖਿੜਿਆ, ਜਾਣੋ ਕਹਿਣ ਤੋਂ ਪਰੇ ਗੁਲਜ਼ਾਰ ਹੋਇਆ।
ਮੋਹ ਬੰਧਨ ਤੂੰ ਦਿਤੇ ਤੋੜ ਉਹਦੇ, ਜੇਹੜਾ ਇਕ ਵਾਰੀ ਤੇਰੇ ਦੁਆਰ ਹੋਇਆ।
ਅਜਬ ਰੰਗਾਂ ਦੇ ਵਿਚ ਤੂੰ ਰੰਗ ਦੇਂਦਾ, ਵਡੀਆਂ ਮੁਸ਼ਕਲਾਂ ਨੂੰ ਸਮਝਣਸਾਰ ਹੋਇਆ।
ਟੇਕ ਦਿਲ 'ਚ ਤੇਰੇ ਦਰਸ ਦੀ ਏ, ਨਾ ਝੂਠੇ ਧੰਧਿਆਂ 'ਚ ਉਹਦਾ ਪਿਆਰ ਹੋਇਆ।
ਤੇਰੇ ਚਰਨਾਂ ਦਾ ਭੌਰਾ ਰਹੇ ਬਣਿਆ, ਆਸੇ ਪਾਸੇ ਤਕਨੋਂ ਉਹ ਸ਼ਰਮਸਾਰ ਹੋਇਆ।
ਸਿਖਿਆ ਸਿਖ ਕੇ ਤੇਰਾ ਸਿਖ ਸੋਹਣਾ, ਘੜੀ ਪਲਾਂ 'ਚ ਭਵਜਲੋਂ ਪਾਰ ਹੋਇਆ।
ਕਿਡੀਆਂ ਔਕੜਾਂ ਭਾਵੇਂ ਪੈਣ ਟੁਟਕੇ, ਨਾਮ ਦੇ ਖੰਡੇ ਲਈ ਹਰਦਮ ਤਿਆਰ ਹੋਇਆ।
ਕਿਡੀ ਗਰੀਬੀ ਦਾ ਭਾਵੇਂ ਮਨੁਖ ਹੋਵੇ, ਸਬਰ ਸੰਤੋਖ ਹੀ ਉਹਦਾ ਆਹਾਰ ਹੋਇਆ।
ਕਿੰਨੇ ਮਾਮਲੇ ਪੈਣ ਭਾਵੇਂ ਡੁਲੌਣ ਵਾਲੇ, ਤੇਰੇ ਦਰ ਤੋਂ ਕਦੇ ਨਾਂ ਬਾਹਰ ਹੋਇਆ।
ਤੇਰੀ ਕਿਰਪਾ ਦਾ ਪਾਤਰ ਜਾਂ ਰਹੇ ਬਣਿਆ, ਉਚਾ ਸੁੱਚਾ ਉਹ ਵਿਚ ਸੰਸਾਰ ਹੋਇਆ।
ਕਿਸੇ ਓਪਰੇ ਨੂੰ ਧਿਔਣ ਦੀ ਲੋੜ ਨਾਹੀਂ, ਡਿਠਾ ਭਰਿਆ ਜਾਂ ਤੇਰਾ ਭੰਡਾਰ ਹੋਇਆ।
ਸਾਡੀ ਆਤਮਾ ਨੂੰ ਹੈ ਯਕੀਨ ਏਹੋ, ਸਾਡੇ ਵਲ ਹੈਂ ਤੂੰ ਸਚਾ ਦਾਤਾਰ ਹੋਇਆ।
ਤੇਰੇ ਚਰਨਾਂ ਤੋਂ ਜੇਹੜੇ ਕੁਰਬਾਨ ਹੁੰਦੇ, ਉਹ ਉਹਨਾਂ ਦਾ ਸਚਾ ਸੇਵਾਦਾਰ ਹੋਇਆ।
ਜੋ ਜੋ ਭੀ ਆਏ ਤੇਰੀ ਰਜ਼ਾ ਅੰਦਰ, ਹਰਦਮ ਉਹਨਾਂ ਦਾ ਤੂੰ ਮਦਦਗਾਰ ਹੋਇਆ।
ਸੁਰਤੀ ਉਸਦੀ ਹਰਦਮ ਲਿਵਲੀਨ ਰਹਿੰਦੀ,ਭੈੜੇ ਖਿਆਲਾਂ ਦਾ ਨਹੀਂ ਸ਼ਿਕਾਰ ਹੋਇਆ।
ਹਰ ਵਿਚ ਉਸਨੇ ਹਰਿ ਮਹਿਸੂਸ ਕੀਤਾ, ਤਾਂਹੀ ਸਭਨਾਂ ਦਾ ਉਹ ਯਾਰ ਹੋਇਆ।
ਤੇਰੀਆਂ ਰਹਿਮਤਾਂ ਪਾ ਗਿਆਨਵਾਨ ਹੋਇਆ,ਚਾਹੇ ਕਿਡਾ ਹੀ ਕੋਈ ਗਾਵਾਰ ਹੋਇਆ।
ਤੇਰੀ ਮਹਿਮਾਂ ਕਹੀ ਨਾਂ ਜਾਏ ਸਾਥੋਂ, ਤੂੰ ਆਪਣੀ ਆਪੇ ਹੀ ਸਮਝਣਹਾਰ ਹੋਇਆ।

* * *

www.AKJ.Org

# ਬਿਖਮ ਅਖਾੜਾ

( ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ )

ਸਰਸਿਅੜੇ ਸਰਸਿਅੜੇ ਮੇਰੇ ਭਾਈ ਮੀਤਾ ਰਾਮ ।
ਬਿਖਮੋ ਬਿਖਮ ਅਖਾੜਾ ਮੈਂ ਗੁਰ ਮਿਲ ਜੀਤਾ ਰਾਮ ।

ਅਧਿ-ਆਤਮਵਾਦ ਇਕ ਅਖਾੜਾ ਏ । ਅਖਾੜਾ
ਾਰ ਕਰਨਾ ਪਹਿਲਵਾਨ ਦਾ ਹੀ ਕੰਮ ਹੁੰਦਾ ਏ ।
ੂਕਿ ਮਨਮੁਖ-ਵਹਿਸ਼ਤ ਵਿਲਲਾਂਦਾ ਇਨਸਾਨ ਜੋ
ਦੀਵ ਸਸਤੇ ਹੀ ਗੁਣ ਖਰੀਦਦਾ ਏ ਅਰਥਾਤ
ਜਸ ਆਤਮਿਕ ਸ਼ਕਤੀ ਦੀ ਥੁੜ ਹੁੰਦੀ ਏ ਉਹ
ਸ ਅਖਾੜੇ ਤਕ ਨਹੀਂ ਅਪੜ ਸਕਦਾ । ਇਸ
ਖਾੜੇ ਤਕ ਜੇ ਕੋਈ ਕੱਚਾ ਪਿੱਲਾ ਅਪੜਦਾ ਵੀ
ਤਾਂ ਉਹ ਸਤਿਗੁਰੂ ਹੀਣ ਹੀ ਰਹਿ ਕਦਾਚਿਤ
ਖਾੜੇ ਨੂੰ ਸਰ ਨਹੀਂ ਕਰ ਸਕੇਗਾ । ਜਿਵੇਂ ਇਕ
ਹਿਲਵਾਨ ਆਪਣੇ ਹਮੇਸ਼ਾ ਉਸਤਾਦ ਦੀ
ਸ਼ੀਰਵਾਦ ਚਾਹੁੰਦਾ ਏ ਤੇ ਅਸ਼ੀਰਵਾਦ ਤੋਂ ਬਿਨਾ
ਹ ਅਕਸਰ ਉਤਨਾ ਜ਼ੋਰ ਨਹੀਂ ਫੜ ਸਕਦਾ,
ਵੇ ਹੀ ਅਖਾੜੇ ਵਿਚ ਆਇਆ ਗੁਰਮੁਖ
ਹਿਲਵਾਨ ਸਤਿਗੁਰੂ ਦੀ ਅਸ਼ੀਰਵਾਦ ਨੂੰ ਹਮੇਸ਼
ਰਸੇਗਾ ਤੇ ਜੋ ਪ੍ਰਾਣੀ ਸਤਿਗੁਰੂ ਦੀ ਅਸ਼ੀਰਵਾਦ
ਹੀਂ ਲੈ ਸਕੇਗਾ ਉਹਦਾ ਅਖਾੜਾ ਸਰ ਕਰਨਾ
ਵਲ ਮੁਸ਼ਕਲ ਹੀ ਨਹੀਂ ਬਲਕਿ ਉਹ ਅਖਾੜੇ ਦੇ
ਹਿਲਵਾਨ ਕੋਲੋਂ ਮਾਰ ਖਾਕੇ ਹੀ ਮੁੜੇਗਾ
ਰਥਾਤ ਸ਼ੈਤਾਨੀ ਤਾਕਤਾਂ ਉਹਦੇ ਵਸ ਚ ਨਹੀਂ
ਹਿਨਗੀਆਂ ਤੇ ਨਿਤ ਦਿਹਾੜੇ ਫਿਰ ਕੁਕਰਮ
ਕਮਾਣ 'ਚ ਤਤਪਰ ਰਹੇਗਾ ।

ਬਿਖਮ ਅਖਾੜੇ ਤੋਂ ਭਾਵ ਉਹ ਨਿਰਾਲਾ ਤੇ ਖੰਡੇ ਧਾਰ ਮਾਰਗ ਏ ਜੋ ਇਕ ਇਨਸਾਨ ਦੀਆਂ ਅੰਤਰੀ ਨਾੜਾਂ 'ਚ ਨਾਮ ਵੈਰਾਗ, ਪ੍ਰੇਮ ਤੇ ਗੁਰਮਤ ਇਸ਼ਕ ਦੀ ਜਾਗ ਲਾਉਂਦਾ ਏ । ਅਜੇਹੇ ਅਖਾੜੇ ਦੀਆਂ ਲੀਹਾਂ ਅੰਦਰ ਜਾਤ ਵਰਨ ਦੀ ਪੁਛ ਸੰਭਵ ਏ । ਸ਼ਾਹ ਰਾਜਨ ਜਾਂ ਫਕੀਰ ਸਭ ਗੁਰਮਤ ਨਾਮ ਦੇ ਹੱਕਦਾਰ ਹੋ ਸਕਦੇ ਨੇ ਇਸਲਈ ਸਾਨੂੰ ਅਪਣੀ ਜ਼ਿੰਦਗੀ ਦਾ ਉਖੜਿਆ ਦਮ ਪੂਰਨਾ ਹੋਵੇਗਾ । ਸਾਨੂੰ ਆਪਣੀਆਂ ਮਾਨਸਿਕ ਉਲਝਨਾਂ 'ਚ ਪ੍ਰੀਤਾਂ ਦਾ ਮੰਦਰ ਕਲਪਨਾ ਹੋਵੇਗਾ । ਸੰਸਾਰਕ ਲੋਕਾਚਾਰੀਆਂ ਅਤੇ ਪਖੰਡਵਾਦ ਆਦਿ ਤੋਂ ਆਪਣੀ ਮਾਨਸਿਕ ਅਵਸਥਾ ਨੂੰ ਦੂਰ ਰਖ, ਅਧਿਆਤਮਕ ਕਮਜ਼ੋਰੀਆਂ ਤੋਂ ਸਦਾ ਲਈ ਬਚਣਾ ਹੋਵੇਗਾ ।

ਖੰਡੇ ਧਾਰ ਗੁਰਮਤ ਦਾ ਨਾਮ ਦਿੜਾਉ ਪੰਧ, ਸਾਕਤ ਤੇ ਹੋਛੇ ਜਨਾਂ ਲਈ ਸਚਮੁਚ ਇਕ ਬਿਖਮ ਅਖਾੜਾ ਏ । ਚੂੰਕਿ ਭਾਈ ਗੁਰਦਾਸ ਜੀ ਦੇ ਕਹਿਣ ਅਨੁਕੂਲ ਉਹਨਾਂ ਦੀ ਅਵਸਥਾ 'ਗਿਦੜ ਦਾਖ ਨਾ ਅਪੜੇ ਆਖੇ ਥੂ ਕਉੜੀ' ਜਿਹੀ ਹੀ ਰਹਿੰਦੀ ਏ । ਅਕਸਰ ਗੁਰਮਤ ਉਹਨਾਂ ਨਰਾਂ ਦੀ ਸਕਧ ਵਿਚ ਹੀ ਆ ਸਕਦੀ ਏ ਜੋ ਆਪਣੇ ਆਪ


www.AKJ.org

ਨੂੰ ਸਿਰਫ਼ ਸਮੇਂ ਆਪਣਾ ਆਪ ਗਲਤਾਣ ਕਰ ਇਸ ਪਵਿਤਰ ਮਾਰਗ ਦੀਆਂ ਡੂਘਾਈਆਂ ਸਮਝ ਸਕਣ । ਮਨ ਤੇ ਉਹਦੀ ਧਾਤ ਨੂੰ ਮਾਰਨਾ ਜੇਕਰ ਜ਼ਰੂਰੀ ਏ ਤਾਂ ਮਨ ਨੂੰ ਮਾਰਨ ਲਈ ਵੀ ਤਾਂ ਅਕਸਰ ਬਿਖਮ ਅਖਾੜਾ ਖਿਆਲ ਕਰਨਾ ਹੋਵੇਗਾ । ਇਨਸਾਨ ਮਨ ਨੂੰ ਇਕਲਾ ਕਦੇ ਨਹੀਂ ਮਾਰ ਸਕੇਗਾ । ਜਦ ਤਕ ਕਿ ਉਹਦਾ ਆਪਾ ਕਿਸੇ ਨੇਹੁ ਜਾਂ ਫਿਲਾਸਫੀ ਪਿਛੇ ਕੁਰਬਾਨ ਨ ਹੋ ਜਾਣਾ ਚਾਹੁੰਦਾ ਹੋਵੇ । ਅਖਾੜੇ ਚ ਅਸਲੀ ਲਫਜ਼ਾਂ 'ਚ ਪਹਿਲਵਾਨ ਹੀ ਜਾਂਦਾ ਸੋਭਦਾ ਏ ਜਾਂ ਉਹ ਸ਼ਖਸ਼ ਜੋ ਅਧਿਆਤਮਕ ਕਮਾਈਆਂ ਕਰ ਪਹਿਲਵਾਨ ਬਨਣਾ ਲੋਚਦਾ ਹੋਵੇ,ਅਜਿਹੇ ਪਹਿਲਵਾਨਨੂੰ ਅਪਣੀ ਮਾਨਸਿਕ ਸਿਥਰਤਾ ਦਾ ਅਜੇਹਾ ਮੋੜ ਪਕੜਣਾ ਹੋਵੇਗਾ ਜੋ ਉਹਦਾ ਮਨ ਮੈਗਲ ਸਦੀਵ ਸ਼ੈਤਾਨੀ ਤਾਕਤਾਂ ਕਾਮ ਕ੍ਰੋਧ ਲੋਭ ਮੋਹ ਹਉਮੈ ਆਦਿ ਤੋਂ ਸੁਚੇਤ ਰਹਿ ਸਤਿਗੁਰੂ ਦਾ ਨਾਮ ਆਪਣੇ ਹਿਰਦੇ ਵਿਚ ਵਸਾਏ । ਨਿਗੁਰੇ ਦੀ ਜ਼ਿਦਗੀ ਕੂਕਰਾਂ ਸੂਕਰਾਂ ਤੋਂ ਵੀ ਭੈੜੀ ਗੁਰਮਤਵਾਦ ਕਲਪਦਾ ਏ । ਨਾਮ ਵਿਸਾਰਨ ਵਾਲੇ ਨੂੰ ਸਾਕਤ ਚੋਰ ਜਾਂ ਮੂਹ-ਕਾਲਾ ਕਹਿਣ ਵੀ ਸੰਕੋਚ ਨਹੀਂ ਕੀਤਾ ਗਿਆ ਚੂੰਕਿ ਜੰਗ ਜਦੋਂ ਹੋਣ ਲਗਦਾ ਏ ਤਾਂ ਪਾਨ ਸੁਪਾਰੀਆਂ ਜਿਹੇ ਐਬ ਛੱਡ ਦੂਰ ਸੁਟਣੇ ਪੈਂਦੇ ਤੇ ਅਜਿਹੇ ਅਧਿਆਤਮਕ ਨੂੰ ਸਰ ਕਰਨ ਲਈ ਸਤਿਗੁਰੂ ਦੀ ਸ਼ਰਨ ਲੈਣੀ ਪੈਂਦੀ ਏ ।

ਇਹ ਬਿਖਮ ਅਖਾੜਾ ਜ਼ਿੰਦਗੀ ਦੇ ਅਗਾਂਹ ਵਧੂ ਪੱਖ ਦਾ ਪਰਤੀਕ ਰੂਪ ਹੈ । ਹਾਂ ਜੇ ਗੁਰਮਤ-ਵਾਦ ਗ੍ਰਿਹਸਤ ਧਰਮ ਪਰਚਾਰਦਾ ਏ ਤਾਂ ਨਾਲ ਹੀ ਉਹ ਗ੍ਰਿਹਸਤ ਨੂੰ ਸੀਮਤ ਰੱਖ ਕੰਵਲ ਵਾਂਗ ਨਿਰਾਲਮ ਰਖ, ਪਾਹੁਲ ਛਕਾ ਤੇ ਆਪਣੀ ਅਗਾਂਹ ਦੀ ਹੋਂਦ ਨੂੰ ਗੁਰਮਤ ਦੇ ਛੱਟੇ ਦ੍ਰਿੜਾਣ ਦਾ ਵੀ ਪਵਿਤਰ ਹੁਕਮ ਦਿੰਦਾ ਏ । ਜੋਗ, ਭੋਗ ਤੇ ਰਾਜ ਸ਼ਾਇਦ ਇਹੋ ਗੁਰਮਤਵਾਦ ਦਾ ਨਿਰਣਾ ਏ । ਪਦਾਰਥਵਾਦ ਜ਼ਿੰਦਗੀ 'ਚ ਵਿਚਰਦੇ ਹੋਏ ਅਰਥਾਤ ਹਸਦੇ ਖੇਲਦੇ ਹੀ ਅਨਹਦ ਦੀ ਤਾੜੀ ਲਾ ਸਤਿਗੁਰੂ ਦੀ ਸ਼ਰਨ ਆਉਣਾ ਏ । ਜੇ ਅਖਾੜਾ ਬਿਖਮ ਨਾ ਹੋਵੇ ਸਪਸ਼ਟ ਏ ਜੋ ਕਪਟ ਜਾਂ ਪਖੰਡ ਦੀ ਲਕੀਰ ਆ ਸਮੋਵੇ । ਪਰ ਪਖੰਡਵਾਦ ਨੂੰ ਹਮੇਸ਼ਾਂ ਗੁਰਮਤਵਾਦ ਤੱਤੇ ਕੜਾਇਆਂ 'ਚ ਤੇਲ ਪਾ ਜੀਉਂਦਿਆਂ ਸਾੜਦਾ ਰਿਹਾ ਹੈ । ਤਾਂ ਤੇ ਬਿਖਮ ਅਖਾੜਾ ਜੋ ਇਸ ਲਈ ਏ, ਜੁ ਕਈ ਅਨੇਕਾਂ ਪਹਿਲਵਾਨ ਸਮਾਧੀਆਂ ਲਾ ਧੂਣੀਆਂ ਭਖਾ, ਪੁਠੇ ਲਟਕ ਤੀਰਥਾਂ ਜਾਂ, ਮੜੀਆਂ ਮਸਾਣਾਂ ਦੀ ਪੂਜਾ ਕਰ, ਤੇ ਮਥੇ ਰਗੜ ਇਸ ਬਿਖਮ ਅਖਾੜੇ ਨੂੰ ਸਰ ਕਰਨ ਦਾ ਯਤਨ ਕਰਦੇ ਨੇ, ਪਰ ਇਹ ਤਾਂ ਹੀ ਸਰ ਹੋ ਸਕੇ ਜਦ ਕਿ ਪਹਿਲਵਾਨ ਸਚੇ ਸਤਿਗੁਰੂ ਦੀ ਚਰਣ ਸ਼ਰਣ ਵਿਚ ਹੋਵੇ ।

ਬਿਖਮ ਅਖਾੜਾ, ਸ਼ਬਦ ਗੁਰੂ ਨਾਲ ਅਭੇਦ ਹੋ ਅਨਹਦ ਦੀ ਤਾੜੀ ਲਾ ਹੀ ਜਿਤਿਆ ਜਾ ਸਕਦਾ ਹੈ । ਬਿਖਮ ਅਖਾੜੇ ਲਈ ਰਸਤਾ ਵੀ ਬਿਖਮ ਅਪਨਾਣਾ ਪਵੇਗਾ । ਰਹਿਣੀ ਸਹਿਣੀ ਤੇ ਕਹਿਣੀ ਸਮੇਤ ਅਰਥਾਤ ਹਸਦਿਆਂ ਖੇਲਦਿਆਂ ਤੇ ਪੈਨਦਿਆਂ ਹੀ ਮੁਕਤ ਹੋਣਾ ਪਵੇਗਾ । ਖੁਦਗਰਜ਼ੀ, ਐਸ਼ ਪ੍ਰਸਤੀ ਜਾਂ ਐਬਾਂ ਤੋਂ ਹਰਦਮ ਖਬਰਦਾਰ ਰਹਿ ਆਪਣਾ ਆਪ ਅਜਿਹੀਆਂ ਜੋਦੜੀਆਂ 'ਚ ਗਲਤਾਨ ਕਰਨਾ ਹੋਵੇਗਾ ਜੁ ਗੁਰਮਤ ਜੋਤਾਂ ਸਮੇਂ ਦੀ ਸਮੀਖਿਆ ਲਾਂਭੇ ਕਰ, ਸੁਰਤ ਨੂੰ ਵਾਹੁ-ਵਾਹੁ ਜੋਤ (ਗੁਰਮਤ-ਗੁਰਬਾਣੀ) 'ਚ ਅਭੇਦ ਕਰ ਲੈਣ । ਸ਼ਬਦ ਬਿਖਮ ਅਖਾੜੇ

www.AKJ.Org

ਬਿਨਾਂ ਜ਼ਿੰਦਗੀ ਸੁੰਨ ਰਹਿ, ਭੰਭਲ ਭੂਸਿਆਂ 'ਚ ਇਕ ਅਜੇਹੀ ਠੋਕਰ ਖਾਂਦੀ ਫਿਰੇਗੀ ਜੋ ਕਿ ਇਹ ਜੀਅੜਾ ਸਤਿਗੁਰੂ ਦੀ ਸ਼ਰਨ ਆਣ ਤੇ ਹੀ ਨਿਵਾਜਿਆ ਜਾਏਗਾ।

## ਬਿਖਮ ਅਖਾੜਾ ਸਰ ਕਰਨਾ ਕਿਉਂ ਜ਼ਰੂਰੀ ਏ

ਭਾਈ ਗੁਰਦਾਸ ਗੁਰਮਤ ਦਾ ਰਹਸਮਈ ਨਿਖੇੜਕ, ਆਪਣੀ ਰੰਗੀ ਹੋਈ ਸੁਰਤੀ 'ਚ ਸਤਿਗੁਰ ਦੀ ਟੇਕ ਅਰਥਾਤ ਸਤਿਗੁਰੂ ਪਾਸੋਂ ਨਾਮ ਲੈਣਾ ਤੇ ਦ੍ਰਿੜ ਕਰਨਾ ਜ਼ਰੂਰੀ ਸਮਝਦਾ ਏ। ਸਤਿਗੁਰੂ ਬਿਨਾ ਮਾਨਵਵਾਦ ਭੰਭਲਭੂਸੇ ਤੇ ਡਾਂਗ ਡੰਗੂਸੇ ਰਚਾਂਉਂਦਾ ਏ। ਉਹਦਾ ਆਪਾ ਉਹਦੇ ਵਸ ਨਹੀਂ ਹੁੰਦਾ ਤੇ ਨਿਤ ਦਿਹਾੜੇ ਉਹ ਇਕ ਅਜੇਹੀ ਮਾਨਸਿਕ ਨਪੀੜ ਦਾ ਸਿਕਾਰ ਹੁੰਦਾ ਏ ਜੋ ਉਹਦੀ ਕਲਪਨਾ ਤੇ ਉਹਦਾ ਜਜ਼ਬਾ ਸਭੋ ਕੁਛ ਅਮੋੜਤਾ ਦੀ ਸੂਰਤ 'ਚ ਬਦਲ ਜਾਂਦੈ। ਭਾਈ ਗੁਰਦਾਸ ਗੁਰਮਤਵਾਦ ਦੀ ਰੰਗੀਲੀ ਗੁਰਬਾਣੀ ਨੂੰ ਬਿਆਨਦਾ ਤੇ ਵਿਲਸ਼ੇਸ਼ਦਾ ਏ। ਯਥਾ ਗੁਰਵਾਕ:—

'ਜਿਉ ਨਿਗੁਰਾ ਬਹੁ ਬਾਤਾ ਜਾਣੈ ਉਹ ਹਰਿ ਦਰਗਾਹ ਹੈ ਭ੍ਰਸਟੀ,

ਉਹ ਆਪਣੀ ਕਲਮ ਚੋਂ ਵਖੋ ਵਖ ਉਦਾਹਰਣਾ ਭਰ ਇਕ ਵਿਸ਼ੇਸ਼ ਤਰਜੀਹ ਦਿੰਦਾ ਏ ਯਥਾ:—

"ਗੁਰ ਪੂਰੇ ਵਿਣੁ ਜਮਪੁਰ ਜਾਏ"

ਅਰਥਾਤ ਉਹ ਆਪਣੀ ਕਲਮ ਨਾਲ ਗੁਰਮਤ ਸਿਧਾਂਤਾਂ ਨੂੰ ਜਦ ਘੋਖਦਾ ਏ ਤਾਂ ਇੰਨ ਬਿੰਨ ਸਾਡੇ ਲਈ ਅਕਹਿ ਜ਼ਰੂਰੀ ਜਾਪੇਗਾ ਜੁ ਗੁਰੂ ਦੀ ਸ਼ਰਣ ਆਣ ਤੋਂ ਬਿਨਾਂ ਅਰਥਾਤ ਪਾਹੁਲ ਛਕੇ ਤੋਂ ਬਿਨਾਂ ਮਨੁਖਾ ਜਨਮ ਕੱਟ ਆਵਾਗਉਣ ਤੋਂ ਛੁਟਕਾਰਾ ਨਹੀਂ ਹੋ ਸਕੇਗਾ। ਭਾਈ ਗੁਰਦਾਸ ਜੀ ਦੇ ਬਿਆਨ ਅਨੁਕੂਲ ਪਹਿਲਵਾਨ ਨਾਲ ਜੇ ਅਖਾੜੇ 'ਚ ਉਹਦਾ ਉਸਤਾਦ ਅਰਥਾਤ ਸਤਿਗੁਰੂ ਨਾ ਹੋਵੇ ਤਾਂ ਉਹ ਅਜਿਹਾ ਜਾਪੇਗਾ ਜਿਉਂ ਘਰ ਬੂਹਿਆਂ ਤੋਂ ਬਿਨਾਂ। ਕਿਰਿਆ ਕਰਮ ਜਾਂ ਲੋਕਾ-ਚਾਰੀ ਅਧਿਆਤਮਵਾਦ ਤੋਂ ਸਦਾ ਹੀ ਪਰੇ ਧਕੇਲੇ ਰਹਿੰਦੇ ਨੇ। ਪਹਿਲਵਾਨ ਸਤਿਗੁਰੂ ਪਾਸੋਂ ਦਾਅ ਸਿੱਖ ਤੇ ਉਸ ਤੋਂ ਜੀਵਨ ਮਰਨ ਦਾ ਉਪਦੇਸ਼ ਦ੍ਰਿੜ ਕੇ ਹੀ ਮਨ ਮੈਗਲ ਦੀ ਅਸਵਾਰੀ 'ਚ ਸਫ਼ਲ ਹੋ ਸਕਦਾ ਏ। ਮਨ-ਮੈਗਲ ਕਾਬੂ 'ਚ ਤਾਂ ਹੀ ਆਵੇਗਾ ਜੁ ਆਤਮਵਾਦ ਦੇ ਦੁਸ਼ਮਣ-ਸ੍ਰੀਰਕ ਵਹਿਸ਼ੀ ਤਾਕਤਾਂ ਤੇ ਆਪਾ ਕਾਬੂ ਰਖ ਜਿਤ ਹਾਸਲ ਕੀਤੀ ਜਾਵੇ ਤੇ ਅਜੇਹਾ ਜੋਗ ਕਮਾਇਆ ਜਾਵੇ ਜੋ 'ਰਾਮ ਰਾਮ ਰੰਮ ਰਹੀਐ' ਦਾ ਹਰਦਮ ਖੇੜਾ ਸਾਡੀਆਂ ਅੰਤੜੀਆਂ 'ਚ ਵਿਕਸਾਏ। ਗੁਰਮਤ ਅਖਾੜਿਆਂ ਦੇ ਅਪੜੇ ਪਹਿਲਵਾਨ ਦੇ ਨਾਲ ਕੇਵਲ ਸਤਿਗੁਰੂ ਹੀ ਨਹੀਂ ਹੁੰਦਾ ਬਲਕਿ ਉਹ ਹਰ ਕਲਮ ਖਿਨ ਖਿਨ ਉਹਨੂੰ ਥਾਪੀ ਦੇ ਰਿਹਾ ਹੁੰਦਾ ਏ। ਪਹਿਲਵਾਨ ਸਤਿਗੁਰੂ ਪਾਸੋ ਥਾਪੀ ਲੈ ਕੇ ਹੀ ਪੰਜ ਜੁਆਨ ਅਰਥਾਤ ਵਹਿਸ਼ੀ ਤਾਕਤਾਂ ਤੇ ਆਪਣਾ ਦਬਦਬਾ ਕਾਇਮ ਰਖ ਗੁਰਮਤ ਫਿਲਾਸਫੀ ਨੂੰ ਘੋਖ ਸਕਦਾ ਏ।

ਨਿਹਤੇ ਪੰਜ ਜੁਆਨ ਮੈ ਗੁਰ ਥਾਪੀ ਦਿਤੀ ਕੰਡ ਜੀਉ ॥

ਗੁਰਮਤ ਅਧਿਆਤਮੀ ਇਸ ਬਿਖਮ ਅਖਾੜੇ ਨੂੰ ਸਹਿਜੇ ਹੀ ਸਰ ਕਰ ਲੈਂਦਾ ਏ। ਉਹ ਜਦ ਆਪਣੀ ਆਤਮਾ ਨੂੰ ਅੰਮ੍ਰਿਤ ਕੀਰਤਨ ਦੀ ਖੁਰਾਕ ਛਕਾ ਤ੍ਰਿਪਤ ਕਰ ਲੈਂਦਾ ਏ ਤਾਂ ਦਿਉਂ ਉਹਦੀ ਤ੍ਰਿਸ਼ਨਾਂ ਸਦੀਵ ਖਤਮ ਹੋ ਜਾਂਦੀ ਏ। ਉਹ ਜਦ ਗੁਰਮਤ ਮਾਰਗ ਭਿੰਨੇ ਵਿਸ਼ਵਾਸ ਦਾ ਕਾਇਲ


www.AKJ.org

ਬਣਦਾ ਏ ਤਾਂ ਉਹਦੀ ਮਸਤੀ ਇਕ ਅਜੇਹੇ ਨਿਰਭਉ ਮੌੜ ਤੇ ਅਪੜਦੀ ਏ ਜੁ ਉਹ ਦੁਸ਼ਮਨਾਂ ਦੇ ਡਰ ਦੂਰ ਸੁੱਟ ਘਤਦਾ ਏ ਤੇ ਬਲਕਿ ਦੁਸ਼ਮਨ ਦੂਤ ਜਾਂ ਨਿੰਦਕ ਆਪੇ ਹੀ ਸ਼ਰਮਸਾਰ ਹੋ ਉਸ ਗੁਰਮਤ ਹਠਿਆਰੇ ਤੋਂ ਆਪਣਾ ਆਪ ਛੁਪਾ ਲੈਂਦੇ ਨੇ। ਅਸਲੀਅਤ ਇਹ ਵੇ, ਜੁ ਉਹਨੂੰ ਸਤਿਗੁਰੂ ਦਾ ਦ੍ਰਿੜਾਇਆ ਮਾਰਗ ਅਜੇਹੀ ਸਿਖਿਆ ਤੇ ਹੁਕਮ ਵਰਦਾਨ ਕਰਦਾ ਏ ਜੋ ਉਹ ਨਾਮੋ ਨਿਰਤਿਕਾਰੀ 'ਚ ਗ਼ਲਤਾਨ ਹੋਇਆ ਅਖਾੜੇ ਤਕ ਪੜਾਅ ਸਹਿਜੇ ਹੀ ਸਰ ਕਰ ਲੈਂਦਾ ਏ। ਇਸ ਅਖਾੜੇ ਦਾ ਮੁਢ ਨਿਰਭਉ ਮਸਤੀ ਤੇ ਸਬਦ ਸਤਿਗੁਰੂ ਨਾਲ ਮੇਲ ਹੋ ਅਨਹਦ ਤਾੜੀ ਲਾ ਕਿੰਗਰੀ ਵਜਾਣਾ ਹੈ। ਬ੍ਰਾਹਮਣਵਾਦ ਆਦਿ ਤੋਂ ਇਸ ਅਖਾੜੇ ਨੂੰ ਸਰ ਕਰਨ ਲਈ ਸਦੀਵ ਤੌਰ ਤੇ ਅਤਿਅੰਤ ਖਬਰਦਾਰ ਰਹਿਣਾ ਹੋਵੇਗਾ।

ਗੁਰਮਤ ਅਖਾੜੇ ਅਰਥਾਤ ਬਿਖਮ ਅਖਾੜੇ ਨੂੰ ਸਰ ਕਰਨਾ ਜ਼ਿੰਦਗੀ ਦੀਆਂ ਸਦੀਵ ਸੁਖਾਂਤ ਕਲਪਨਾਵਾਂ ਲਈ ਅਤਿ ਜ਼ਰੂਰੀ ਏ। ਇਸ ਅਖਾੜੇ 'ਚੋਂ ਹਾਰ ਖਾ ਮਾਨਵ ਹਮੇਸ਼ ਤੌਰ ਤੇ 'ਦੁਹਚਾਰੀ ਤੇ ਬਦਨਾਉ' ਜਿਹੀ ਅਵਸਥਾ ਤਕ ਆ ਅਪੜਦਾ ਏ। ਇਹ ਅਖਾੜਾ ਭਾਵੇਂ ਬਿਖਮ ਏ, ਪਰ ਇਸ ਦੀ ਸਫ਼ਲਤਾ ਗੁਰਮਤ ਪ੍ਰੀਤਾਂ ਦੀਆਂ ਸਦੀਵ ਮਹਿਕਾਂ ਲਈ ਸਹਾਈ ਹੋਵੇਗੀ, ਤੇ ਜੇ ਇਹ ਅਖਾੜੇ ਸਰ ਕਰਨਾ ਅਤਿ ਬਿਖਮ ਹੋਵੇਗਾ ਤਾਂ ਹੀ ਗੁਰਮਤ ਸਿਰੜ ਸਾਡੇ ਅੰਗ ਸੰਗ ਨਿਭੇਲਾ। ਚੂੰਕਿ ਬਿਖਮ ਅਸੂਲਾਂ ਨੂੰ ਕਾਇਮ ਰਖਣ ਲਈ ਸਿਰੜ ਦੀ ਅਤਿ ਲੋੜ ਏ। ਬਿਖਮ ਅਖਾੜੇ ਨੂੰ ਸਰ ਕੀਤੇ ਬਾਝੋਂ ਸਾਡਾ ਮਾਨਸਿਕ ਵਿਲਖਣਵਾਦ ਤ੍ਰਿਸ਼ਨਾ ਤੇ ਕਲ ਕਲੇਸ਼ ਦੀ ਅੱਗ'ਚ ਨਿਤ ਸੜੇਗਾ। ਸਹਿਨਸ਼ੀਲਤਾ ਭਾਣਾ ਮੰਨਣ ਦੀ ਸਮਰਥਾ ਤੇ ਏਕ ਜੋਤਿ ਦੋਇ ਮੂਰਤੀ ਦਾ ਸੰਕਲਪ ਸਦੀਵ ਸਾਡੇ ਕੋਲੋਂ ਦੂਰ ਰਹੇਗਾ। ਮਾਇਆ ਨਾਗਨੀ ਬਣ ਸਾਡੇ ਦੁਆਲੇ ਪਸਰੇਗੀ। ਸਾਡਾ ਟੀਚਾ ਉਹਦੀ ਪੂਜਾ ਹੀ ਹੋ ਜਾਏਗਾ ਤੇ ਅਜਹੀ ਨਾਗਨੀ ਜਿਉਂ ਜਿਉਂ ਇਸ ਦੀ ਸੇਵਾ ਵਧਦੀ ਜਾਏਗੀ ਤਿਉਂ ਤਿਉਂ ਇਹ ਸਾਡਾ ਖ਼ੂਨ ਚੂਸ ਚੂਸ ਸਾਨੂੰ ਅਧਿਆਤਮਕ ਪਖੋਂ ਨਿਕੰਮਾ ਸਾਬਤ ਕਰ ਦੇਵੇਗੀ।

ਯਥਾ ਗੁਰਵਾਕ :

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥

ਅਕਸਰ ਇਹ ਇਕ ਅਜੇਹਾ ਮਾਰਗ ਏ ਜੋ ਸਾਨੂੰ ਹਰਦਮ ਪ੍ਰੇਰਨਾ ਦਿੰਦਾ ਏ ਜੁ ਕੰਵਲ ਵਾਂਗ ਤ੍ਰਿਸਨਾ ਮੋਹ ਮਾਇਆ ਭਰੇ ਚਿਕੜ 'ਚ ਹੰਸ ਵਾਂਗ ਵਿਚਰਨ ਦੀ, ਗ੍ਰਿਹਸਤ ਚ ਉਦਾਸ ਰਹਿਣ ਦੀ, ਜੀਵਤ ਮਰਨ ਦੀ ਤੇ ਜੱਤ ਸੱਤ ਕਾਇਮ ਰਖਣ ਦੀ। ਇਹ ਅਖਾੜਾ ਬਾਰ ਬਾਰ ਹੁਕਮ ਕਰਦਾ ਏ, ਆਤਮਿਕ ਤੇ ਦਿਮਾਗੀ ਸਥਿਰਤਾ ਕਾਇਮ ਰਖਣ ਲਈ ਤੇ ਇਸ ਦੇ ਅਨੁਕੂਲ ਵਹਿਸ਼ਤ ਸੁਹਲਪਣਾ ਤੇ ਸੂਹਜਵਾਦ ਨੂੰ ਹਰਦਮ ਪਰਾਂ ਧਕੇਲੀ ਰਖਦਾ ਏ। ਸਾਕੀ ਤੇ ਮਹਿਖਾਨੇ ਕੇਵਲ ਨਾਮ ਰਸ ਹੀ ਵੰਡ ਸਕਦੇ ਨੇ। ਝੂਠਾ ਮਦ ਜੋ ਆਤਮਿਕ ਰਹੱਸਵਾਦ ਲਈ ਅਤਿਅੰਤ ਵਿਨਾਸ਼ਮਈ ਏ, ਇਹ ਬਿਖਮ ਅਖਾੜੇ ਨੂੰ ਸਰ ਕਰਨ ਵਾਲਾ ਪਹਿਲਵਾਨ ਹਮੇਸ਼ਾ ਤਿਲਾਂਜਲੀ ਦੇ ਰਖੇਗਾ। ਅਲੇਪ 'ਚ ਨਿਰਲੇਪਤਾ, ਮਾਇਆ 'ਚ ਉਦਾਸੀ, ਜੋਗ ਅਤੇ ਭੋਗ ਦਾ ਸੁਮੇਲ ਆਦਿ ਜਿਹੇ ਗੁਣ ਇਹੀ ਬਿਖਮ ਅਖਾੜਾ ਪ੍ਰਦਾਨ ਕਰਦਾ ਏ ਤੇ ਅਜੇਹੀ ਅਲੂਣੀ ਸਿਲ ਹੋਂਦ 'ਚ ਆਉਂਦੀ ਏ ਜੋ

www.AKJ.Org

ਗੁਰਮਤ ਮਾਰਗ ਦਰਸਾਉਂਦੀ ਹੋਈ ਜੀਵਨ ਦੇ ਸੁੱਧ ਅਨੰਦ ਬਿਸਰਾਰ ਦਾ ਕੇਂਦਰ ਬਣਦੀ ਏ। ਇਹ ਅਲੂਣੀ ਸਿੱਲ ਅੰਮ੍ਰਿਤ ਰਸ ਦੇ ਗਟਾਕ ਛਕਾਉਂਦੀ ਏ ਆਪਣੇ ਆਪ ਵਿਚ ਬਹੁਤ ਵਿਸ਼ਾਲ ਡੂੰਘਾਣਾ ਸਥਾਪਤ ਰਖਦੀ ਏ। ਅਲੂਣੀ ਸਿਲ ਨੂੰ ਚਟਣ ਨਾਲ ਹੀ ਬਿਖਮ ਅਖਾੜਾ ਸਰ ਹੋ ਸਕਦਾ ਏ ਬਿਖਮ ਅਖਾੜੇ ਨੂੰ ਸਰ ਕਰਨ ਨਾਲ ਅਧਿਆਤਮਕ ਰੂਹਾਨੀ ਰਸ ਦੀ ਤ੍ਰਿਪਤੀ ਕਾਇਮ ਰਹਿ ਸਕਦੀ ਏ।

ਇਹ ਅਖਾੜਾ ਆਪਣੇ ਆਪ ਚ ਬਹੁਤ ਡੂੰਘਾਣ. ਘੋਖਦਾ ਏ। ਇਸ ਦਾ ਮੂਲ ਮੰਤਵ ਅਜੇਹੀਆਂ ਡੂਘਾਣਾਂ ਉਲੰਘ ਇਸ ਅਖਾੜੇ ਚ ਆ ਬਿਖਮ ਤੇ ਅ:ਤਮਿਕ ਰੋਗਾਂ (ਕਾਂਮ, ਕ੍ਰੋਧ, ਲੋਭ ਮੋਹ, ਅਹੰਕਾਰ) ਨਾਲ ਦੋਹੀ ਹਥੀਂ ਨਿਪਟਣਾ ਏ। ਇਹ ਘੋਲ ਸਦਾ ਲਈ ਹਰ ਸਮੇਂ ਇਕ ਗੁਰਸਿਖ ਦੇ ਦਿਲ ਦਿਮਾਗ ਚ ਛਿੜਿਆ ਰਹਿੰਦਾ ਏ। ਸ਼ੈਤਾਨੀ ਤਾਕਤਾਂ ਜਦ ਇਸ ਬਿਖਮ ਅਖਾੜੇ 'ਚ ਵਿਚਰ ਰਹੇ ਪਹਿਲਵਾਨ ਨਾਲ ਜਦ ਖਹਿੰਦੀਆਂ ਨੇ ਤਾਂ ਮਾਨਸਿਕ ਅੰਤਹਕਰਣ ਅਕਸਰ ਆਮ ਸਾਰਿਆਂ ਦਾ ਡੋਲ ਜਾਂਦਾ ਏ ਤੇ ਉਹ ਐਸ਼ ਪ੍ਰਸਤੀ 'ਚ ਮਸਤ ਹੋ ਅਕਸਰ ਰੋਮਾਂ ਦੀ ਬੇਅਦਬੀ ਆਦਿ ਜਿਹੇ ਕੁਕਰਮਾਂ ਤੋਂ ਵੀ ਪਿਛੇ ਨਹੀਂ ਹਟਦੇ।

ਇਸ ਅਖਾੜੇ ਦੀਆਂ ਡੂੰਘਾਣਾਂ ਬਹੁਤ ਵਿਸ਼ਾਲ ਨੇ। ਇਸ ਦਾ ਮੰਤਵ ਅਜੇਹੀਆਂ ਡੂੰਘਾਣਾਂ ਉਲੰਘ ਇਸ ਅਖਾੜੇ ਦੇ ਆਤਮਿਕ ਘੋਲ 'ਚ ਪ੍ਰਪਕ ਹੋ ਆਤਮਾ ਤੋਂ ਜਨਮ ਜਨਮ ਦਾ ਵੈਰ ਛਡਣਾ ਏ। ਸ਼ਬਦ ਗੁਰੂ ਸ਼ਾਇਦ ਆਪਣੀ ਬਖਸ਼ਸ਼ ਪਰਦਾਨ ਕਰ ਇਕ ਗੁਰਮੁਖ ਪਿਆਰੇ ਨੂੰ ਬਿਖਮ ਅਖਾੜਾ ਸਰ ਕਰਨ ਦੀ ਹਿੰਮਤ ਬਖਸ਼ਦਾ ਏ। ਇਸੇ ਲਈ ਸਤਿਗੁਰੂ ਦੀ ਸ਼ਰਨ ਬਿਖਮ ਅਖਾੜੇ ਨੂੰ ਸਰ ਕਰਨ ਲਈ ਜ਼ਰੂਰੀ ਏ।

ਬਿਖਮ ਅਖਾੜਾ ਆਪਣੇ ਆਪ ਚ ਬਹੁਤ ਸਾਰੀਆਂ ਬਿਖਮ ਉਲਝਣਾਂ ਸਮੋਈ ਰਖਦਾ ਏ। ਇਤਨੇ ਭੰਭਲਭੂਸੇ, ਠੋਕਰਾਂ ਤੇ ਅਸਚਰਜਨਕ ਪੜਾਅ ਤਹਿ ਕਰਨੇ ਪੈਂਦੇ ਨੇ ਜੋ ਗੁਰਮਤ ਰਸੀਲੜਾ ਕਈ ਵੇਰ ਕਿਸੇ ਅਜੀਬ ਸ਼ਸ਼ੋਪੰਜ ਦਾ ਭਾਵੀ ਹੋ ਜਾਂਦਾ ਏ। ਜੇਕਰ ਸ਼ਬਦ ਸਤਿਗੁਰੂ ਆਪਣਾ ਪਵਿਤਰ ਪਾਹੁਲ ਛਕਾ ਗੁਰ ਸਤਿਗੁਰੂ ਵਾਹੁ ਵਾਹੁ ਨਾ ਦ੍ਰਿੜ੍ਹ ਵੇ ਤਾਂ ਸਪਸ਼ਟ ਏ ਇਹ ਬਿਖਮ ਅਖਾੜਾ ਕਦਾਚਿਤ ਸਰ ਨਹੀਂ ਹੋ ਸਕੇਗਾ। ਸਤਿਗੁਰੂ ਜਦ ਪਾਹੁਲ ਦ੍ਰਿੜਾਉਂਦਾ ਏ ਤਾਂ ਯਕੀਨਨ ਉਹ ਇਕ ਅਜੇਹਾ ਆਸਰਾ ਬਖਸ਼ਦਾ ਏ ਜੋ ਗੁਰਸਿਖ ਨੂੰ ਸਿਰੜ-ਭਿੰਨੇ ਅਸੂਲਾਂ ਪਿਛੇ ਮਰ ਮਿਟਣ ਦੀ ਪ੍ਰੇਰਨਾ ਦਿੰਦਾ ਏ। ਮਰਜੀਵੜਾ ਹਮੇਸ਼ਾਂ ਸਚਾ ਸਤਿਗੁਰੂ ਲਭਦਾ ਏ ਤੇ ਸਤਿਗੁਰੂ ਕੋਈ ਵਿਰਲਾ ਮਰਜੀਵੜਾ। ਤਾਂ ਤੇ ਮੀਤਾ ਗੁਰਸਿਖਾਂ ਚੋਂ ਜਿਸ ਤੇ ਸਤਿਗੁਰੂ ਬਖਸ਼ਸ਼ ਕਰਦਾ ਏ ਉਹ ਹੀ ਬਿਖਮ ਅਖਾੜਾ ਸਰ ਕਰ ਸਕਦਾ ਏ।

ਸੁਖ ਸਾਗਰ ਗੁਰੁ ਛਡਿਕੈ ਭਵਜਲ ਅੰਦਰ ਭੰਭਲਭੂਸ।
ਲਹਿਰੀ ਨਾਲ ਪਛਾੜੀਐ ਹਉਮੈ ਅਗਨੀ ਅੰਦਰ ਲੂਸੇ।
ਜਮਦਰ ਬਧੇ ਮਾਰੀਅਨ ਜਮਦੂਤਾਂ ਦੇ ਧਕੇ ਧੂਸੇ।
ਗੋਇਲ ਵਾਸਾ ਚਾਰ ਦਿਨ ਨਾਉ ਧਰਾਇਨ ਈਸੇ ਮੂਸੇ।
ਘਟ ਨਾ ਕੋਇ ਅਖਾਇਦੇ ਆਪੋ ਥਾਪੀ ਹੈਰਤ ਹੂਸੇ।
ਸਾਇਰ ਦੇ ਮਰਜੀਵੜੇ ਕਰਨ ਮਜੂਰੀ ਖੇਚਲ ਖੂਸੇ।
ਗੁਰ ਪੂਰੇ ਵਿਣ ਡਾਂਗ ਡੰਗੂਸੇ।

ਸਤਿਗੁਰੂ ਦੀ ਪੂਜਾ ਆਪਣੇ ਆਪ ਵਿਚ ਸਭ ਕਰਮ ਧਰਮ, ਨੇਮ ਸੁਚ ਸੰਜਮ ਆਦਿ ਸਮੋਈ ਰਖਦੀ ਏ। ਸਤਿਗੁਰੂ ਦੀ ਮਹਾਨ ਤੇ ਪਵਿਤਰ ਸੇਵਾ 'ਹਰਿ ਕੀਰਤਨ ਏ ਤੇ ਜਿਸ ਨੂੰ ਦਿਨ-ਰਾਤ


www.AKJ.Org

ਗਾਵਣ ਦਾ ਹੁਕਮ ਏ । ਸਤਿਗੁਰੂ ਦਾ ਨਾਮ ਜਗਤ ਚ' ਖਿਨ- ਖਿਨ ਤੇ ਨਿਕਟ-ਸਭ-ਦੇ ਵਿਆਪ ਰਿਹਾ ਏ । ਉਹ ਅਕਾਲ ਪੁਰਖ ਦਾ ਸਿਮਰਨ ਏ ਜੋ ਸ਼ਬਦ ਗੁਰੂ ਪੀਰਾ ਦੇ ਗੰਭੀਰ ਅਲਾਣੀਆਂ 'ਚ ਉਘੜਦੇ ।

"ਸਬਦੁ' ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ,
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ।

ਇਸ ਸ਼ਬਦ ਤੋਂ ਬਿਨਾਂ ਬਿਖਮ ਅਖਾੜਾ ਸਰ ਨਹੀਂ ਹੋ ਸਕਦਾ, ਤੇ ਜੋ ਪ੍ਰਾਣੀ ਇਹ ਅਖਾੜਾ ਸਰ ਨਹੀਂ ਕਰ ਸਕਦਾ ਉਹਦਾ ਧ੍ਰਿਗ-ਜੀਵਨ ਗੁਰਮਤ ਗੁਰਬਾਣੀ ਦਰਸਾਉਂਦੀ ਏ । ਸਬਦ ਹੀਣ ਪ੍ਰਾਣੀ ਜੋ ਦਿਨ-ਰਾਤ, ਖਿਨ-ਖਿਨ ਕੁਕਰਮ ਕਮਾ ਆਪਣੇ ਅਵਗੁਣਾਂ ਦੀ ਗੰਢੜੀ ਭਾਰੀ ਕਰ ਰਿਹਾ ਹੁੰਦਾ ਏ ਅਕਸਰ ਇਉਂ ਇਸ ਜਗਤ 'ਚ ਵਿਚਰਦੇ ਨੇ ਜਿਉਂ ਛੁਟੜ ਇਸਤਰੀ । ਯਥਾ ਗੁਰਵਾਕ:—

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦ ਨਾਉ॥

ਬੇਮੁਖ ਸੁਖ ਨ ਦੇਖਈ ਜਿਉ ਛੁਟੜ ਛਉੜੀ ॥ [ਭਾ. ਗੁਰਦਾਸ

ਸਤਿਗੁਰੂ ਹੀ ਇਕ ਅਜੇਹੀ ਜੋਤ ਏ ਜੋ ਇਸ ਬਿਖਮ ਅਖਾੜੇ ਨੂੰ ਸਰ ਕਰਵਾ ਸਾਰੀਆਂ ਜ਼ਿੰਦਗੀ ਦੀਆਂ ਉਲਝਣਾਂ ਦੀ ਸੁਲਝਣ ਕਲਪ, ਸਾਡੀ ਜ਼ਿੰਦਗੀ ਦਾ ਰੋਸ਼ਨ ਮੁਨਾਰਾ ਕਾਇਮ ਰਖ ਸਕਦੀ ਏ । ਸਤਿਗੁਰ ਦੇ ਨਾਮ ਤੋਂ ਜੋ ਵਾਂਝਾ ਰਹਿੰਦਾ ਏ ਉਹ ਬਿਖਮ ਅਖਾੜੇ ਨੂੰ ਸਰ ਨਹੀਂ ਕਰਦਾ ਉਸ ਪ੍ਰਤੀ ਗੁਰਮਤ-ਗੁਰਬਾਣੀ ਦੇ ਜੇਕਰ ਅਸੀਂ ਗੁਰਵਾਕ ਘੋਖੀਏ ਤਾਂ ਸਾਡੇ ਬਹੁਤ ਕੁਛ ਪਿੜ ਪਲੇ ਪੈ ਸਕਦਾ ਏ । ਯਥਾ :

ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ॥

ਗੁਰਮਤ-ਕੁੰਜੀ ਭਾਈ ਸਾਹਿਬ ਗੁਰਦਾਸ ਜੀ ਦੀਆਂ ਅੰਮ੍ਰਿਤ ਵਾਰਾਂ ਗੁਰ-ਸਤਿਗੁਰੂ ਦੀ ਚਰਨ ਸਰਨ ਇਸ ਬਿਖਮ ਅਖਾੜੇ ਨੂੰ ਸਰ ਕਰਨ ਲਈ ਜ਼ਰੂਰੀ ਸਮਝਦੀਆਂ ਨੇ ।

ਇਤਿਹਾਸ, ਫਿਲਾਸਫੀ ਤੇ ਗੁਰਮਤ ਸਰੇਸ਼ਟ ਵਿਚਾਰਾਂ ਅਨੁਕੂਲ ਆਦਿ ਮੱਧ ਤੇ ਅੰਤ ਤਕ ਸਬਦ ਸਤਿਗੁਰੂ ਹੀ ਰਿਹਾ ਹੈ ਤੇ ਰਹੇਗਾ ।

ਵੇਮੁਹਤਾਜਾ ਵੇ ਪਰਵਾਹੁ ।। ਨਾਨਕ ਦਾਸ ਕਹਹੁ ਗੁਰ ਵਾਹੁ ॥
ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਤਿਸੁ ਜੇਵਡਅਵਰ ਨ ਕੋਇ ॥

ਗੁਰ ਸਤਿਗੁਰ ਦਾ ਵਾਹੁ ਵਾਹੁ ਨਾਮੁ ਪਰਪਰ ਮੁਤਾਬਕ ਪਹਿਲੇ ਨੌਂ ਪਾਤਸ਼ਾਹੀਆਂ ਤਕ ਚਰਨਾ ਅੰਮ੍ਰਿਤ ਦੁਆਰਾ ਦ੍ਰਿੜਾਂਦੇ ਰਹੇ ।

ਚਰਨ ਧੋਇ ਰਹਿਰਾਸ ਕਰਿ ਚਰਣਾਮ੍ਰਤ ਸਿਖਾਂ ਪਿਲਾਯਿਆ ॥

ਗੁਰੂ ਦਸਮੇਸ਼ ਨੇ ਜਦ ਆਪਣੀ ਜ਼ਿੰਦਗੀ ਦੌਰਾਨ ਬੀਰ ਰਸ ਦੀ ਅਮੁਕ ਸਥਿਰਤਾ ਫੈਲਾਈ ਤਾਂ ਇਹੁ ਅੰਮ੍ਰਿਤ ਖੰਡੇਧਾਰ ਬਣਿਆ ਤੇ ਪੰ ਪਿਆਰਿਆਂ ਨੇ ਆਤਮਿਕ ਤੇ ਸਦਾਚਾਰਕ ਸ਼ਕਤ ਪ੍ਰਾਪਤ ਕੀਤੀ । ਗੁਰੂ ਦਸਮੇਸ਼ ਜੀ ਨੇ ਇਹਨ ਪੰਜਾਂ ਕੋਲ ਹੀ ਆਪਣਾ ਸਿਰ ਵੇਚਿਆ ਤੇ ਗੁ ਖਾਲਸੇ ਨੂੰ ਇਹਨਾਂ ਦੀ ਤਾਬਿਆ ਰਹਿਣ ਦ ਹੁਕਮਨਾਮਾ ਜਾਰੀ ਕੀਤਾ । ਇਸ ਪਾਹੁਲ ਦ ਬੁਨਿਆਦ ਇਹੋ ਹੀ ਸੀ ਜੁ ਇਤਨੇ ਨਾਮ ਦੇ ਛ ਦ੍ਰਿੜਾਏ ਜਾਣ ਤੇ ਇਤਨੀ ਗੁਰਬਾਣੀ ਦਾ ਨੂਰਾਨ ਖੇੜਾ ਹਿਰਦਿਆਂ 'ਚ ਪਰਵੇਸ਼ ਕੀਤਾ ਜਾਵੇ ਛਕਣਹਾਰੇ ਪ੍ਰਾਣੀ ਦਾ ਆਪਾ ਗੁਰਬਚਨਾਂ ਨੂੰ ਤੀਰ ਵਾਂਗ ਸਮਝੇ ਤੇ ਜਦ ਉਹ ਤੀਰ ਉਹਦੇ ਦਿ ਸਾਗਰ 'ਚ ਖੁਭਣ ਤਾਂ ਰੰਗ ਰਤੜਾ ਲੋਟ ਪੋਟ ਸਦੀਵ ਤੌਰ ਯਾਰੜੇ ਦੀ ਪ੍ਰੀਤ 'ਚ ਮਖਮੂਰ ਰਵੇ ਇਸੇ ਪ੍ਰੀਤ ਨੇ ਗੁਰ ਖਾਲਸੇ ਨੂੰ ਅਣਖਦਿਤੀ, ਖ਼ਾਲਸਾ ਅਕਾਲ ਪੂਜਾ ਤੋ ਸਿਵਾਏ ਹੋਰ ਕਿਤੇ ਆਪਣਾ ਅਕਸੀਰ ਨਾ ਗਵਾਵੇ ਚੂੰ ਕਿ ਦਸ਼ਮੇ


www.AKJ.org

ਦੀ ਫਿਲਾਸਫੀ ਦੇ ਅਨਕੂਲ ਦਰਗਾਹ' ਚ ਕੀਰਤਨ ਨਾਮੁ ਤੇ ਸਤਿ ਸੰਗਤ ਤੋਂ ਬਿਨਾਂ ਸਭ ਕੂੜ ਏ ਤੇ ਜੋ ਪ੍ਰਾਣੀ ਪਾਹੁਲ ਛਕ ਕੇ ਨਾਮ ਦ੍ਰਿੜੇਗਾ ਉਹਦਾ ਕੀਰਤਨ ਤੇ ਗੁਰਮਤ ਰਹੁਰੀਤਾਂ ਨਾਲ ਅਜੇਹਾ ਇਸ਼ਕ ਹੋਵੇਗਾ ਜੋ ਉਹਦੀ ਨਿਜ ਆਤਮਾ ਪਰਮ ਆਤਮਾ ਨਾਲ ਨਾਮ ਜਪਦੇ ਸਾਰ ਸੁਮੇਲ ਹਾਸਲ ਕਰ ਲਵੇਗੀ।

ਪਾਹੁਲ ਦੀ ਬੁਨਿਆਦ ਜੋ ਇਤਨੀ ਵਿਸੇਸ਼ ਏ ਜੋ ਇਹ ਹਿਰਦੇ ਚ ਵੜਦੇ ਸਾਰ ਸਬਦ ਗੁਰੂ ਦੀ ਆਤਮਾਂ ਨਾਲ ਸੁਮੇਲ ਕਰਵਾ ਦਿੰਦੀ ਏ ਤਾਂ ਇਸ ਪਾਹੁਲ ਦਾ ਅਗਹ ਵਧੂ ਪੱਖ 'ਰਹਿਤ ਪਿਆਰੀ ਮੋਹਿ ਕਉ' ਜਦ ਤਕ ਇਕ ਰੰਗ ਰਸੀਲੜਾ ਆਪਣੀਆਂ ਨਾੜੀਆਂ ਤਕ ਸੀਮਤ ਰਖੇਗਾ-ਅਪਵਾਦੀ ਤਾਕਤਾਂ ਜਾਂ ਨਿੰਦਕਾਂ ਦੀ ਨਿੰਦਾ ਆਦਿ ਉਹਦੇ ਤਕ ਪੋਹ ਨਹੀਂ ਸਕਣਗੀਆਂ ਸਗੋਂ ਉਲਟਾ ਉਹਦੀ ਵਡਿਆਈ ਇਤਨੀ ਵਧੇਗੀ ਜੋ ਉਹ ਆਪ ਨਾਮ ਜਪ ਹੋਰਾਂ ਨੂੰ ਨਾਮ ਜਪਾਵੇਗਾ ਤੇ ਦੂਜੇ ਪਾਸੇ ਗੁਰੂ ਦਰ ਤੋਂ ਬੇਮੁਖ ਆਪਣੇ ਦੋਨੋ ਪੱਖ ਜਮਾਂ ਦੇ ਵੱਸ ਕਰ ਦੂਹ ਸਿਰੀ ਪਛਤਾਵਣਗੇ।

ਸੋ ਸੱਪਸ਼ਟ ਏ ਜੁ ਪਾਹੁਲ ਦੀ ਸਦੀਵ ਸਥਿਰਤਾ ਤਾਹਿਉ ਕਾਇਮ ਰਹਿ ਸਕੇਗੀ ਜੇਕਰ ਅਧਿਆਤਮ-ਵਾਦ ਰਹਿਣੀ ਦਾ ਮੁਹਤਾਜ ਰਹੇਗਾ। ਆਤਮਿਕ ਤੇ ਸਰੀਰਕ ਰਹਿਣੀ ਗੁਰੂਦਸ਼ਮੇਸ਼ ਜੀ ਨੇ ਗੁਰ ਖਾਲਸੇ ਦਾ ਇਕ ਮੁਖ ਅੰਗ ਦਰਸਾਈ ਏ। ਰਹਿਣੀ ਹੀਣ ਮਾਨਵ ਨਿਗੁਰਾ ਹੋ, ਥਾਂ ਥਾਂ ਵਿਲਲਾਂਦਾ ਫਿਰੇਗਾ। ਉਹਦਾ ਆਪਾ ਇਕ ਅਜੇਹੀ ਖੱਡ ਚ ਜਾਂ ਧਸੇਗਾ; ਜੁ ਦਰਗਾਹ ਅੰਦਰ ਤੇ ਇਸ ਦੁਨੀਆਂ ਚ ਉਸ ਬੇ ਮੁਖ ਦਾ ਮੂਹ ਕਾਲਾ ਰਵੇਗਾ। ਰਹਿਤ ਉਸ ਸਮੇਂ ਹੀ ਦ੍ਰਿੜਾਈ ਜਾਵੇਗੀ ਜਦ ਗੁਰਮੁਖ ਜਨ ਆਪਣਾ ਸਿਰ ਪੰਜ ਪਿਆਰਿਆਂ ਨੂੰ ਅਰਪਨ ਕਰ ਰਿਹਾ ਹੋਵੇਗਾ। ਤੇ ਪੰਜ ਪਿਆਰੇ ਉਸ ਸਮੇਂ ਉਹਦੇ ਤੋਂ ਪ੍ਰਤਿਗਿਆ ਲੈਣਗੇ ਜੋ ਗੁਰਮੁਤ ਰਹਿਣੀ ਕੇਸਾਂ ਸੁਆਸਾਂ ਤਕ ਨਿਭਾ ਖੰਡੇ-ਧਾਰ ਬਿਖਮ ਅਖਾੜੇ ਵਲ ਧਾਂਈ ਕਰ 'ਲੋਕ ਸੁਖੀਏ ਪਰਲੋਕ ਸੁਹੇਲੇ' ਵਾਲਾ ਆਦਰਸ਼ ਆਪਣਾਏਗਾ।

ਆਮ ਤੌਰ ਤੇ ਵਾਸ਼ਨਾ ਗਲੇਫੇ ਨਰ ਰਹਿਣੀ ਤੋਂ ਕੋਰੇ ਹੁੰਦੇ ਨੇ। ਉਹਨਾਂ ਦੀ ਮਾਨਸਿਕ ਕਮਜ਼ੋਰੀ ਉਹਨਾਂ ਦੇ ਦੁਆਲੇ ਵਿਚਰ ਉਹਨਾਂ ਨੂੰ ਨਿਤ ਦਿਹਾੜੇ ਅਜੇਹੇ ਕਾਲੇ ਪੱਖ ਦਰਸਾਉਂਦੀ ਏ ਜੋ ਉਹ ਗੁਰੂ ਸਤਿਗੁਰੂ ਦੀ ਸ਼ਰਨ ਆਉਣ ਦਾ ਉਦੋਂ ਹੀ ਹੀਆ ਕਰਦੇ ਨੇ ਜਦ ਇਸ ਪੱਖ ਤੋਂ ਉਹਨਾਂ ਦੀ ਬੇਬਸੀ ਹੁੰਦੀ ਏ ਅਰਥਾਤ ਉਹ ਜਮ ਮਾਰਗ ਨੂੰ ਜਾ ਧਾਈ ਕਰਦੇ ਨੇ।

> "ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆਂ।
> ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ।

ਸਿਟੇ ਵਜੋ ਪਰਤਖ ਏ ਕਿ ਬਿਖਮ ਅਖਾੜਾ ਇਕ ਅਜੇਹੀ ਅਲੂਣੀ ਸਿੱਲ ਏ ਜੋ ਸਤਿਗੁਰੂ ਦੀ ਥਾਪੀ ਦੇਣ ਤੇ ਹੀ ਚੱਟੀ ਜਾ ਸਕਦੀ ਏ। ਤੇ ਇਹਨੂੰ ਚੱਟੇ ਬਿਨਾ ਅਰਥਾਤ ਰਹਿਣੀ ਦੇ ਸੂਰੇ ਹੋਏ ਬਿਨਾਂ ਅਨਹਦ ਖੇੜਾ, ਨਾਮ ਦੀ ਚੁੰਬਕੀ ਕਲਾ ਤੇ ਆਤਮਕ ਸਥਿਰਤਾ ਕਾਇਮ ਨਹੀਂ ਹੋ ਸਕਦੀ। ਵਾਧੂ ਜਪ ਤਪ ਸੰਜਮ ਇਸ ਅਲੂਣੀ ਸਿੱਲ ਅਗੇ ਫੋਕਟ ਨੇ ਤੇ ਸਭ ਪਾਪ ਕਰਮਾਂ ਵਲ ਹੀ ਧਰੀਕਦੇ ਨੇ। ਜ਼ਿੰਦਗੀ ਦਾ ਧੁਰਾ ਪਾਪਾਂ ਦੀ ਗਡੀ ਵਲ ਹੀ ਧਰੀਕਿਆ ਚਲਾ ਜਾਂਦਾ ਏ। ਅਜੇਹੇ ਬਿਖਮ ਬਿਖਮ ਅਖਾੜੇ ਨੂੰ ਸਰ ਕਰਨ ਤੇ ਹੀ ਬ੍ਰਹਮ ਗਿਆਨੀ ਦੀ ਅਵਸਥਾ ਤਕ ਜਾ ਪਹੁੰਚੀਦਾ ਏ। ਇਸ ਸਟੇਜ ਤੇ ਅਜਰ ਨੂੰ ਜਰਨਾ ਤੇ ਅਸਿਰ ਨੂੰ ਸਹਿਣਾ ਸਾਡੀਆਂ ਬੁਧੀਆਂ 'ਚ ਪ੍ਰਵੇਸ਼ ਹੁੰਦਾ ਏ। ਇਹ ਅਲੂਣੀ ਸਿੱਲ, ਜਿਹਾ ਕਿ ਉਪਰ ਦਸਿਆ ਜਾ ਚੁਕੈ, ਪਾਹੁਲ ਲਏ ਬਗੈਰ ਤੇ ਸਬਦ ਗੁਰੂ ਦਾ ਵਾਹੁ ਵਾਹੁ ਨਾਮ ਦ੍ਰਿੜ ਕੀਤੇ ਬਗੈਰ ਸਰ ਨਹੀਂ ਕੀਤੀ ਜਾ ਸਕਦੀ ਤੇ ਪ੍ਰਤੱਖ ਏ ਜੁ ਅਮ੍ਰਿਤ ਛਕਣਾ- ਅਲੂਣੀ ਸਿਲ ਨੂੰ ਚੱਟ ਬਿਖਮ ਅਖਾੜੇ ਨੂੰ ਸਤਿਗੁਰ ਦੀ ਸਰਨ ਆ ਸਰ ਕਰਨਾ ਏ ਤੇ ਗੁਰਬਾਨੀ ਦ੍ਰਿੜੇ ਰਤਨਾਂ ਤੇ ਫੁਲ ਚੜ੍ਹਾਨੇ ਹਨ।


www.AKJ.org

# ਸ਼ਹਾਦਤ

(ਸ: ਕਰਤਾਰ ਸਿੰਘ ਜੀ 'ਰਾਹੀ ਲਖਨਊ)

ਧਰਤੀ ਦਾ ਆਪ ਸਿਰਜਣਹਾਰਾ ਆ ਗਿਆ,
ਰੁਲਦੀ ਜ਼ਿੰਦਗੀ ਦਾ ਸਹਾਰਾ ਆ ਗਿਆ।

ਮੰਨਜ਼ਲ ਨੂੰ ਚੁੰਮ ਗਏ ਭੱਟਕਣਾ ਦੇ ਪੈਰ,
ਚਾਨਣ ਦਾ ਕੋਈ ਮੁਨਾਰਾ ਆ ਗਿਆ।

ਰੂਹ ਖਿੜੀ, ਵਿਗਸੀ ਤੇ ਮਉਲ ਉਠੀ,
'ਸੁਖਮਣੀ' ਦਾ ਅਗੰਮੀ ਇਸ਼ਾਰਾ ਆ ਗਿਆ।

ਜਨਮਾਂ ਦੀ ਸੁੱਤੀ ਉਠੀ, ਤੇ ਉਠ ਕੇ ਬਹਿ ਗਈ,
ਮਿਹਰਵਾਨ ਦਿਲਬਰ ਪਿਆਰਾ ਆ ਗਿਆ।

ਲੀਰਾਂ 'ਚ ਰੁਲਦੀ ਪਾਤਸ਼ਾਹਣੀ ਹੋ ਗਈ,
ਲਾਲਾਂ ਦਾ ਸੱਚਾ ਵੱਣਜਾਰਾ ਆ ਗਿਆ।

ਹੰਸਾਂ ਦੀ ਡਾਰ ਲੱਭੀ, ਝੀਲ ਦੇ ਕੰਢੇ,
ਸੁੱਚੇ ਮੋਤੀਆਂ ਦਾ ਭੰਡਾਰਾ ਆ ਗਿਆ।

ਆਖਰ ਲਹਿਰਾਂ ਵਿਚ ਘਿਰੀ ਬੇੜੀ ਨੂੰ,
ਧੁਰੋਂ ਚੱਪੂ ਦਾ ਸਹਾਰਾ ਆ ਗਿਆ।

ਤੂਫਾਨਾਂ ਦੀ ਹਿੱਕ ਸੀ ਚੀਰਦੀ ਰਹੀ,
ਆਖਰਕਾਰ ਨੂੰ ਕਿਨਾਰਾ ਆ ਗਿਆ।

ਰਾਤ ਦੀ ਖੇਡ ਹੀ ਖਤਮ ਹੋ ਗਈ,
ਪਹੁੱ-ਫੁਟਾਲੇ ਦਾ ਇਸ਼ਾਰਾ ਆ ਗਿਆ।

ਲੌ! ਬਹਿ ਗਿਆ ਆਸ਼ਕ ਸੀਨਾ ਤਾਣਕੇ,
ਜਹਾਂਗੀਰ ਦਾ ਖੰਜਰ ਦੋ-ਧਾਰਾ ਆ ਗਿਆ।

ਖੌਲਦੇ ਪਾਣੀ ਖੌਲਦੇ ਹੀ ਰਹਿ ਗਏ,
ਠੰਡਕ ਦਾ ਮੁਜੱਸਮ ਧਾਰਾ ਆ ਗਿਆ।

—ਤੱਵੀਆਂ ਤੇ ਸਮਾਧੀ ਲਾਉਣ ਵਾਲਾ,
ਤਪੱਸਵੀ ਕੋਈ ਭਾਰਾਂ ਆ ਗਿਆ।

ਫਿਰ ਵੀ ਨਾ ਅੱਖ ਝੱਮਕੀ ਮਤਵਾਲੇ ਯੋਗੀ ਨੇ,
ਰੇਤ ਪਾਉਂਦਾ ਤੰਗ ਭੱਠਿਆਰਾ ਆ ਗਿਆ।

ਭੱੜਭੜਾਂਦੀ ਅੱਗ ਆਖਰ ਦਮ ਤੋੜ ਗਈ,
ਨਾਮ ਦਾ ਠੰਡਾ ਫੁਹਾਰਾ ਆ ਗਿਆ।

ਐਸੀ ਸ਼ੱਮ੍ਹਾ ਜਗਾਈ ਸਾਦਕ ਨੇ ਤਨ ਦੀ,
ਪ੍ਰਵਾਨੇ ਨੂੰ ਰਜ਼ਾ ਦਾ ਯਕੀਨ ਭਾਰਾ ਆ ਗਿਆ।

ਸ਼ਹਾਦਤ ਦਾ ਜਾਮ ਭਰਿਆ ਜਾਂ ਸਾਕੀ ਨੇ,
ਜੀਵਨ ਰੌ 'ਚ ਨਵਾਂ ਹੁਲਾਰਾ ਆ ਗਿਆ।

ਤੁਰ ਪਈ ਪੀਰੀ ਨਾਲ ਮੀਰੀ ਦੀ ਲੀਹ,
ਜ਼ਾਲਮ ਦੀ ਮੌਤ ਦਾ ਨਗਾਰਾ ਆ ਗਿਆ।

ਕਰਨਗੇ ਸਿਜਦਾ ਬ੍ਰਹਿਮੰਡ ਤੇਰੀ ਦਹਿਲੀਜ਼ ਤੇ,
ਸ਼ਹਾਦਤ ਦਾ ਰੋਸ਼ਨ ਸਿਤਾਰਾ ਆ ਗਿਆ।

ਕਰਨ ਵਾਲਾ ਬਿਆਨ ਤੇਰੀ ਇਸ ਲੀਲਾ ਨੂੰ
ਕਿਧਰੋਂ ਇਹ 'ਰਾਹੀ' ਵਿਚਾਰਾ ਆ ਗਿਆ।


www.AKJ.org

# ਅੰਮ੍ਰਿਤ ਵੇਲਾ—੬

* * * * * * * * *

( ਡਾ: ਤੇਜਇੰਦਰ ਸਿੰਘ ਜੀ ਭੁਪਾਲ )

## ਚੌਥੇ ਪਹਿਰ ਤੋਂ ਵਧ ਕੀਰਤਨ ਕਿਸ ਵੇਲੇ ਹੋਣਾ ਚਾਹੀਦਾ ਹੈ?

ਅਸੀਂ ਪਿਛੇ ਵਿਚਾਰ ਕਰ ਰਹੇ ਸਾਂ ਕਿ ਲਗਾਤਾਰ ਕੀਰਤਨ, ਜੇ ਅੰਮ੍ਰਿਤ ਵੇਲੇ ਤੋਂ ਵਧ ਕਰਨਾ ਹੋਵੇ ਤਾਂ ਕਿਹੜਾ ਸਮਾਂ ਹੋਰ ਵਰਤੋਂ ਵਿਚ ਆਉਣਾ ਚਾਹੀਦਾ ਹੈ। ਪੁਰਾਤਨ ਸਿੰਘਾਂ ਦੀ ਰਹਿਣੀ ਇਹ ਦੱਸਦੀ ਹੈ ਕਿ ਉਹ ਰਾਤ ਦੇ ਤੀਸਰੇ ਪਹਿਰ ਵੀ ਕੀਰਤਨ ਕੀਤਾ ਕਰਦੇ ਸਨ। ਇਸ ਦਾ ਮਤਲਬ ਇਹ ਹੈ ਕਿ ਚਉਥੇ ਪਹਿਰ ਤੋਂ ਪਹਿਲੇ ਦਾ ਸਮਾਂ, ਤੀਜਾ ਪਹਿਰ ਵੀ ਵਰਤੋਂ ਵਿਚ ਲਿਆਉਂਦੇ ਹੁੰਦੇ ਸਨ। ਤੀਜੇ ਪਹਿਰ ਦੇ ਸਮੇਂ ਨੂੰ ਦਿਨ ਦੇ ਪਹਿਲੇ ਪਹਿਰ ਤੋਂ ਵਿਸ਼ੇਸ਼ਤਾ ਦਿਤੀ ਜਾਂਦੀ ਸੀ। ਦਿਨ ਚੜ੍ਹਨ ਨਾਲ ਕੰਮ ਕਾਜ ਚਲ ਪੈਂਦੇ ਹਨ ਸੁਰਤ ਖਿੰਡ ਜਾਂਦੀ ਹੈ। ਉਸ ਵੇਲੇ ਤਾਂ 'ਹਾਟੀ ਬਾਟੀ ਨੀਦ ਨ ਆਵੈ' ਦ ਹੁਕਮ ਦੀ ਪਾਲਣਾ ਲਈ ਜਤਨ ਕਰਨਾ ਲੋੜੀਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਫ਼ ਲਿਖਿਆ ਹੈ ਕਿ ਨਾਮ ਵਰਗੀ ਅਮੋਲਕ ਕਸਤੂਰੀ, ਦਿਨ ਨੂੰ ਨਹੀਂ ਰਾਤ ਨੂੰ ਹੀ ਵੰਡੀ ਜਾ ਰਹੀ ਹੈ :—

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ।
ਜਿਨ੍ਹਾ ਨੈਣ ਨੀਂਦ੍ਰਾਵਲੇ ਤਿੰਨਾ ਮਿਲਣੁ ਕੁਆਉ॥ ੬੦॥

ਸਿਫ਼ਤਿ ਸਾਲਾਹ ਸੂਰਜ ਨਾਲ ਸਬੰਧ ਨਹੀਂ ਰਖਦਾ। ਤਾਰਿਆਂ ਦੀ ਲੋਅ ਵਿਚ ਹੀ ਠੀਕ ਸੋਭਦਾ ਹੈ :—

ਭਿੰਨੀ ਰੈਨੜੀਐ ਚਾਮਕਨਿ ਤਾਰੇ।
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।

ਗੁਰੂ ਸਾਹਿਬ ਦੇ ਸਮੇਂ ਤੋਂ ਪਹਿਲੇ ਕੀ ਨਾਮ ਬਾਣੀਂ ਦਾ ਸਮਾਂ ਰਾਤ ਦਾ ਹੀ ਲਿਖਿਆ ਹੋਇਆ ਮਿਲਦਾ ਹੈ —

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।

ਇਸੇ ਤਰ੍ਹਾਂ:—

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ।

ਜੇ ਸੰਤ ਪ੍ਰਾਹੁਣੇ ਆ ਗਏ ਤਾਂ ਮਨ ਦੇ ਚਾਉ ਤੇ ਖੁਸ਼ੀਆਂ ਕਿਵੇਂ ਪੂਰੀਆਂ ਕੀਤੀਆਂ ਗਈਆਂ:—

'ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ'

ਇਹ ਸਭ ਸੰਤ ਪ੍ਰਾਹੁਣੇ ਭਾਵੇਂ ਦਿਨ ਆਏ ਭਾਵੇਂ ਰਾਤ, ਭਾਵੇਂ ਸਵੇਰੇ ਆਏ ਭਾਵੇਂ ਸ਼ਾਮ, ਪਰ ਕੀਰਤਨ ਰੈਣ ਸਬਾਈ ਹੋਇਆ। ਮਤਲਬ ਅੰਮ੍ਰਿਤ ਵੇਲੇ ਨਾਲ ਜੋ ਵਕਤ ਜੋੜਿਆ ਗਿਆ ਤਾਂ ਰਾਤ ਦਾ, ਦਿਨ ਦਾ ਨਹੀਂ। ਨਹੀਂ ਤਾਂ ਕੀਰਤਨ ਹੋਆ (ਦਿਨ ਨੂੰ) ਜਾਂ 'ਕੀਰਤਨ ਹੋਆ ਤਥਾਈ' (ਉਸੇ ਹੀ ਸਮੇਂ) ਭੀ ਹੋ ਸਕਦਾ ਸੀ। ਪਰ ਸਿਫਤ ਸਲਾਹ ਦਾ ਵਕਤ ਰਾਤ ਦਾ ਹੈ, ਦਿਨ ਦਾ ਨਹੀਂ


www.AKJ.Org

ਤੇ ਰਾਤ ਦੇ ਵਕਤ ਵਿਚ ਜੇ ਮੁਕਾਬਲਾ ਕਰੋ ਤਾਂ ਪਿਛਲੀ ਰਾਤ ਦਾ ਪਹਿਲੀ ਰਾਤ ਨਾਲੋਂ ਅਧਿਕ ਕੀਮਤੀ ਹੈ:—

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ।
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥

ਪਹਿਲੀ ਰਾਤ ਦਾ ਨਾਮ ਬਾਣੀ ਤੇ ਕੀਰਤਨ ਪਿਛਲੀ ਰਾਤ ਵਰਗਾ ਨਹੀਂ ਪਰ ਅਜਾਈਂ ਨਹੀਂ ਘਟ ਲਾਭਦਾਇਕ ਹੈ, ਪਰ ਦਿਨ ਦੇ ਕੀਰਤਨ ਦਾ ਜ਼ਿਕਰ ਕੋਈ ਨਹੀਂ ।

ਇਹ ਬੜੀ ਗਲਤ ਪਿਰਤ ਪੈ ਗਈ ਹੈ ਕਿ ਰਾਤ ਦਾ ਦੀਵਾਨ ਏਡਾ ਲੰਮਾ ਵਡਾ ਲਗੇ ਕਿ ਰਾਤ ਦੇ ਬਾਰਾਂ ਜਾਂ ਇਕ ਵਜ ਜਾਣ ਤੇ ਅੰਮ੍ਰਿਤ ਵੇਲਾ ਉਸ ਦੇ ਸਿੱਟੇ ਵਜੋਂ ਖੁੰਝ ਹੀ ਜਾਵੇ ਤੇ ਇਹ ਤਾਂ ਗੁਰਮਤਿ ਵਿਰੁਧ ਹੈ ਕਿ ਅਧੀ ਰਾਤ ਤਕ ਸਿਨੇਮਾ ਦੇਖੋ ਜਾਂ ਕਵੀ ਦਰਬਾਰਾਂ ਵਿਚ ਜਾਓ ਤੇ ਅੰਮ੍ਰਿਤ ਵੇਲੇ ਦੇ ਅਮੋਲਕ ਵਕਤ ਘੁਰਾੜੇ ਮਾਰੋ ।

ਪਰਤੱਖ ਹੈ ਕਿ ਸਾਰੀਆਂ ਇੱਜ਼ਤਾਂ ਤੇ ਵਡਿਆਈਆਂ ਰਾਤ ਦੇ ਪਿਛਲੇ ਪਹਿਰ ਉਠਣ ਵਾਲਿਆਂ ਵਾਸਤੇ ਹਨ:—

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ।
ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ।
ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥

ਭਾਵ ਜਿਨ੍ਹਾਂ ਨੂੰ ਪਿਛਲੀ ਰਾਤ ਸੱਦਾ ਹੁੰਦਾ ਹੈ ਮਾਲਕ ਦਾ ਓਹੀ ਮਾਲਕ ਦਾ ਨਾਮ ਲੈਂਦੇ ਹਨ, ਉਨ੍ਹਾਂ ਲਈ ਖੇਮੇ (ਤੰਬੂ), ਛਤਰ,ਕਨਾਤਾਂ, ਰਥ ਸਦਾ ਤਿਆਰ ਰਹਿੰਦੇ ਹਨ। ਮਤਲਬ ਇਹ ਕਿ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ। ਜਿਨ੍ਹਾਂ ਨੇ ਤੇਰਾ ਨਾਮ ਧਿਆਇਆ ਹੈ, ਉਨ੍ਹਾਂ ਨੂੰ ਸੱਦਕੇ ਬੁਲਾ ਕੇ ਦੇਂਦਾ ਹੈ, ਸੋ ਇਹ ਭੀ ਪ੍ਰਤੱਖ ਹੈ ਕਿ ਜੇ ਅੰਮ੍ਰਿਤ ਵੇਲੇ ਤੋਂ ਵਧੀਕ ਸਮਾਂ ਨਾਮ ਦੀ ਬਾਣੀ ਤੇ ਕੀਰਤਨ ਵਿਚ ਲਾਉਣ ਦਾ ਹੈ ਤਾਂ ਵਿਸ਼ੇਸ਼ਤਾ ਤੀਜੇ ਪਹਿਰ ਜਾਂ ਰਾਤ੍ਰੀ ਦੇ ਸਮੇਂ ਨੂੰ ਦਿੱਤੀ ਹੈ। ਦਿਨ ਦਾ ਸਮਾਂ ਰਾਤ੍ਰੀ ਦੇ ਸਮੇਂ ਤੋਂ ਪਿਛੋਂ ਆਉਂਦਾ ਹੈ।

## ਪਰਮਾਰਥਕ ਵਿਸ਼ੇਸ਼ਤਾ

ਪਰਮਾਰਥਕ ਦੇ ਰਾਹ ਵਿਚ ਅੰਮ੍ਰਿਤ ਵੇਲੇ ਦੀ ਕਿਤਨੀ ਲੋੜ ਹੈ, ਕਿਤਨੀ ਮਹਾਨਤਾ ਹੈ, ਉਪਰ ਲਿਖੇ ਤੋਂ ਸਾਫ਼ ਪ੍ਰਤੀਤ ਹੋ ਜਾਂਦਾ ਹੈ, ਪਰ ਫਿਰ ਵੀ ਕੁਝ ਹੋਰ ਸ਼ਬਦ ਇਸ ਵਿਸ਼ੇ ਤੇ ਲਿਖਣੇ ਜ਼ਰੂਰੀ ਭਾਸਦੇ ਹਨ। ਅਸਲ ਵਿਚ ਜੋ ਕੋਈ ਜਗਿਆਸੂ ਗੁਰੂ ਨਾਨਕ ਦੇਵ ਜੀ ਦੇ 'ਗਾਡੀ ਰਾਹ' ਤੇ ਚੱਲਣ ਦਾ ਉਤਸ਼ਾਹ ਰਖਦਾ ਹੈ ਉਹ ਗੁਰੂ ਸਿਖ ਬਨਣ ਤੋਂ ਪਹਿਲੋਂ ਹੀ ਅੰਮ੍ਰਿਤ ਵੇਲੇ ਉਠਣ ਦਾ ਅਭਿਆਸੀ ਬਣ ਚੁਕਾ ਹੈ, ਪਰ ਜੇ ਪਹਿਲੋਂ ਨਹੀਂ ਹੋਇਆ ਤਾਂ ਸਿਖੀ ਧਾਰਨ ਕਰਨ ਤੋਂ ਤਾਂ ਜ਼ਰੂਰ ਅੰਮ੍ਰਿਤ ਵੇਲੇ ਉਠਣ ਦਾ ਅਭਿਯਾਸ ਪੈ ਜਾਣਾ ਚਾਹੀਦਾ ਹੈ, ਕਿਉਂ ਜੋ ਇਹ ਸਿਖੀ ਦੀਆਂ ਬੁਨਿਆਦੀ ਗਲਾਂ ਵਿਚ ਹੀ ਆ ਜਾਂਦਾ ਹੈ।

'ਅੰਮ੍ਰਿਤ ਵੇਲਾ' ਉਹ ਸਮਾਂ ਜਾਂ ਕਾਲ ਹੈ ਜਿਸ ਵੇਲੇ ਅੰਮ੍ਰਿਤ ਛਕੀਦਾ ਹੈ 'ਅੰਮ੍ਰਿਤ' ਇਸ ਸੰਸਾਰ ਵਿਚ ਸਿਰਫ ਨਾਮ ਬਾਣੀ ਹੀ ਹਨ।

(੧) ਏਕੋ ਨਾਮੁ ਅੰਮ੍ਰਿਤੁ ਹੈ ਮੀਠਾ,
ਜਗਿ ਨਿਰਮਲ ਸਚੁ ਸੋਈ।
(੨) ਹਰਿ ਹਰਿ ਨਾਮ ਅੰਮ੍ਰਿਤ ਹੈ
ਨਦਰੀ ਪਾਇਆ ਜਾਇ।
(੩) ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥
(੪) ਅੰਮ੍ਰਿਤ ਨਾਮ ਭੁੰਚੁ ਮਨ ਮਾਹੀ ॥
ਅਚਰਜ ਸਾਦ ਤਾਕੇ ਬਰਨੇ ਨ ਜਾਹੀ ॥


www.AKJ.Org

(੫) ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ,
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥
(੬) ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
(੭) ਗੁਰ ਕਾ ਸਬਦੁ ਅੰਮ੍ਰਿਤ ਹੈ ਜਿਤੁ ਪੀਤੈ ਤਿਖ ਜਾਇ ॥
(੮) ਗੁਰ ਅੰਮ੍ਰਿਤ ਨਾਮੁ ਪੀਆਲਿਆ,
ਜਨਮ ਮਰਨ ਕਾ ਪਥੁ ॥
(੯) ਤੇਰੇ ਦਰਸਨ ਕਉ ਬਲਿਹਾਰਣੈ,
ਤੁਸਿ ਦਿਤਾ ਅੰਮ੍ਰਿਤ ਨਾਮੁ ॥
(੧੦) ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥
ਆਠ ਪਹਰ ਤੇਰੇ ਗੁਣ ਗਾਵਾ ॥

ਇਸ ਅੰਮ੍ਰਿਤ ਨਾਲ, ਇਸ ਦੇ ਛਕਣ ਲਈ, ਵੇਲਾ ਜਾਂ ਸਮਾਂ ਭੀ ਸੰਬੰਧਤ ਹੈ। ਹੁਕਮ ਹੈ:—

(੧) ਬੁਰੇ ਕਾਮ ਕਉ ਊਠਿ ਖਲੋਇਆ।
ਨਾਮ ਕੀ ਬੇਲਾ ਪੈ ਪੈ ਸੋਇਆ ॥
(੨) ਸਾਰੋ ਦਿਨਸੁ ਮਜੂਰੀ ਕਰੈ ॥
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥

'ਨਾਮ ਕੀ ਬੇਲਾ ਜਾਂ 'ਹਰਿ ਸਿਮਰਨ ਕੀ ਵੇਲਾ' ਜਾਂ 'ਅੰਮ੍ਰਿਤ ਵੇਲਾ' ਇਕੋ ਅਰਥਾਂ ਵਿਚ ਆਇਆ ਹੈ, ਜਿਸ ਵੇਲੇ ਮਜੂਰੀ (ਕਾਰ ਵਿਹਾਰ) ਸੌਣਾ ਨੀਂਦਰ ਆਗਿਆਨਤਾ ਦੀ ਤੇ ਸਰੀਰ ਦੀ) ਆਦਿ ਦੀ ਮਨਾਹੀ ਹੈ ਤੇ ਹੁਕਮ ਹੈ ਨਾਮ ਬਾਣੀ ਦੇ 'ਅੰਮ੍ਰਿਤ ਛਕ ਛਕੋ'। 'ਨਾਮ ਕੀ ਬੇਲਾ' ਪੈ ਪੈ ਸੌਣ ਦਾ ਕਾਰਨ ਇਹੋ ਹੈ ਕਿ ਜਗਯਾਸੂ 'ਅੰਮ੍ਰਿਤ' ਦੀ ਸਾਰ ਨਹੀਂ ਜਾਣਦਾ।

ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ "

ਤੇ ਅੰਮ੍ਰਿਤ ਦੇ ਵਾਪਾਰੀ ਨੂੰ ਪਤਾ ਹੈ ਕਿ ਨਾਮ ਬਾਣੀ ਦਾ ਵੇਲਾ ਵਕਤ ਬੜੀ ਤੜਕੇ ਹੈ ਤੇ ਉਹ ਜ਼ਰੂਰ ਆਪਣੇ, ਅੰਮ੍ਰਿਤ ਦੇ ਦਾਤੇ, ਗੁਰੂ ਗੋਬਿੰਦ ਸਿੰਘ ਜੀ ਨੂੰ, ਉਸ ਵੇਲੇ ਧਿਆਵੇਗਾ—

ਹਰਿ ਗੁਰ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ 'ਜਪੁ' ਜੀ ਰਚੀ, ਜਿਸ ਨੂੰ ਬਾਕੀ ਸਾਰੀ ਬਾਣੀ ਦਾ ਤੱਤ ਜਾਂ ਸਾਰ ਅੰਸ਼ ਆਖਿਆ ਜਾਂਦਾ ਹੈ। ਇਹ ਇਕੋ ਬਾਣੀ ਹੈ ਜੋ ਰਾਗ ਵਿਚ ਨਹੀਂ ਤੇ ਸੰਕੇਤਕ ਬੋਲੀ Telegraphic Language ਵਾਂਙੂ, ਬਹੁਤੇ ਵਿਸਥਾਰ ਨੂੰ ਬੜੇ ਥੋੜੇ ਸ਼ਬਦ ਵਿਚ ਕਥਨ ਕਰਕੇ ਲਿਖੀ ਗਈ ਹੈ। ਇਸ ਦੇ ਬਾਰ ਬਾਰ ਜਪਣ ਸਿਮਰਣ ਤੇ ਦ੍ਰਿੜਣ ਲਈ ਹੁਕਮ ਹੈ। ਇਹ 'ਜਪੁ ਨੀਸਾਣੁ' ਹੈ ਜਿਸਦੇ ਨੀਸਾਣੁ ਜਾਂ ਪਾਸਪੋਰਟ (Passport) ਤੇ ਮੋਖਸ਼ ਵਿਚ ਦਾਖਲਾ ਮਿਲਣਾ ਹੈ। ਇਹ ਬਾਣੀ ਆਪ ਗੁਰੂ ਸਾਹਿਬ ਪੜ੍ਹਦੇ ਸੀ ਤੇ ਹਰ ਸਿਖ ਨੂੰ ਪੜ੍ਹਨ ਦਾ ਹੁਕਮ ਹੈ ਤੇ ਹਰ ਕੋਈ ਗੁਰੂ ਨਾਨਕ ਨਾਮ ਲੇਵਾ ਇਸ ਨੂੰ ਹਰ ਰੋਜ਼ ਘਟੋ ਘਟ ਇਕ ਵੇਰ ਜ਼ਰੂਰ ਪੜ੍ਹਦਾ ਹੈ।

ਇਸ ਮਹਾਨ ਬਾਣੀ ਵਿਚ ਪਹਿਲੇ ਅਕਾਲ ਪੁਰਖ ਜੀ ਦੇ ਸਰੂਪ ਵਰਨਣ ਕਰਕੇ, ਉਸ ਦੀ ਪ੍ਰਾਪਤੀ ਦਾ ਰਾਹ ਪ੍ਰਸ਼ਨੋਤਰੀ ਵਿਚ ਦੱਸਦੇ ਹਨ ਕਿ ਅਸੀਂ ਉਸ ਦਾਤਾਰ ਅਗੇ ਕੀ ਭੇਟ ਰਖੀਏ ਕਿ ਉਸ ਦਾ ਦਰਬਾਰ ਦਿੱਸ ਪਵੇ ਤੇ ਮੂੰਹ ਤੋਂ ਕਿਸ ਪ੍ਰਕਾਰ ਦੇ ਸ਼ਬਦ ਬੋਲੀਏ ਜਿਸ ਨੂੰ ਸੁਣ ਕ ਉਹ ਸਾਨੂੰ ਪਿਆਰ ਕਰਨ ਲਗ ਪਵੇ।

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।

ਸੋ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਦੀ ਪ੍ਰਾਪਤੀ ਦੇ ਰਾਹ ਇਹ ਹਨ:—


www.AKJ.Org

(੧) ਉਂਜ ਸਚੇ ਦਾ ਦਰਬਾਰ ਦੇਖਣ ਲਈ ਭੇਟ ਦਿਓ-ਕਾਹਦੀ ? ਰੁਪਏ ਦੀ ਨਹੀਂ, ਕਿਸੇ ਪਦਾਰਥ ਦੀ ਨਹੀਂ, ਪਰ 'ਅੰਮ੍ਰਿਤ ਵੇਲੇ' ਦੀ। (੨) ਫਿਰ ਉਸ ਦਾ ਪਿਆਰ ਲੈਣ ਲਈ ਬਚਨ ਬੋਲੋ-ਕਿਹੜੇ ? 'ਸਚੁ ਨਾਉ' 'ਵਡਿਆਈ ਵੀਚਾਰੁ' ਦੇ। ਦੂਜੇ ਲਫਜ਼ਾਂ ਵਿਚ, ਪ੍ਰਾਪਤੀ ਦੇ ਦੋ ਪੜਾ ਹਨ—

(੧) ਦਰਬਾਰ ਦੇ ਵਿਚ ਪੁਜਣਾ, (੨) ਪਿਆਰ ਲੈਣਾ ਵਾਹਿਗੁਰੂ ਜੀ ਦਾ, ਜੋ ਸਰਬ ਬੈਕੁੰਠਾਂ ਤੋਂ ਉਪਰ ਹੈ। ਪਿਆਰ ਪਾਉਣ ਦਾ ਭਾਵ ਹੈ ਉਸ ਨੂੰ ਰੀਝਾਉਣਾ।

ਵਾਹਿਗੁਰੂ ਜੀ ਦਾ ਪਿਆਰ ਪਾਉਣ ਲਈ ਜ਼ਰੂਰੀ ਹੈ ਦਰਬਾਰ ਵਿਚ ਪੁੱਜਣਾ ਤੇ ਦਰਬਾਰ ਵਿਚ ਪੁੱਜਣ ਲਈ ਜ਼ਰੂਰੀ ਹੈ ਅੰਮ੍ਰਿਤ ਵੇਲਾ। ਪਰਮਾਰਥ ਦੇ ਰਾਹ ਤੁਰਨ ਲਈ, ਅਕਾਲ-ਪੁਰਖ ਜੀ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾ ਕਦਮ ਹੈ—ਅੰਮ੍ਰਿਤ ਵੇਲੇ ਉਠ ਕੇ 'ਸਚੁ ਨਾਉ ਵਡਿਆਈ ਵੀਚਾਰ' ਦੀ ਰਹਿਣੀ ਬਹਿਣੀ ਵਰਤੋਂ ਵਿਚ ਲਿਆਉਣੀ. ਇਸ ਤੋਂ ਬਗੈਰ ਪਰਮਾਰਥ ਪਰੇਡੇ ਹੀ ਰਹਿ ਜਾਵੇਗਾ ਤੇ ਸਚਿਆਰ ਬਣਨਾ ਅਸੰਭਵ ਹੋ ਜਾਵੇਗਾ।

ਅੰਮ੍ਰਿਤ ਵੇਲਾ ਹੈ ਵਿਧੀ, ਸਿੱਧਾ ਨੁਸਖ਼ਾ ਜਾਂ ਸਿਧੀ ਤਰਕੀਬ ਜੋ ਨਿਤਾ ਪ੍ਰਤਿ ਅਮਲ ਵਿਚ ਲਿਆਉਣੀ ਹੈ, ਰੋਜ਼ ਦੀ ਰੋਜ਼, ਲਗਾਤਾਰ ਇਹ ਭੇਟ ਅਰਪਣ ਕਰਨੀ ਹੈ ਆਪਣੇ ਇਸ਼ਟ ਅਗੇ, ਭਾਵ ਇਹ ਕਿ ਵੱਤੂ ਵਾਲੇ ਸਮੇਂ ਨੂੰ, ਰੱਜ ਕੇ ਸਤਿਗੁਰ ਜੀ ਦੇ ਅਰਥ ਲਾਉਣਾ ਹੈ। ਇਹ ਹੈ ਸੱਚੀ ਭੇਟ, ਪਿਆਰ ਤੇ ਸ਼ਰਧਾ ਵਾਲੀ। ਇਹ ਕੋਈ ਕਰਮ ਧਰਮ ਨਹੀਂ, ਜਿਵੇਂ ਤੀਰਥ ਇਸ਼ਨਾਨ ਹੁੰਦੇ ਹਨ ਜਾਂ ਤਪ ਤਤਿਖਸ਼ਾ ਬ੍ਰਤ ਪੂਜਾ ਹੈ। ਨਾ ਹੀ ਹੈ ਇਹ ਕੋਈ ਜਬਰ ਜਾਂ ਜ਼ੁਲਮ ਹੇਠਾਂ ਜਾਗਣਾ, ਜਿਸ ਵਿਚ ਮਨ ਦਾ ਮੰਨਣ ਨਾ ਹੋਵ, ਜਿਸ ਵਿਚ ਆਪਣਾ ਈਮਾਨ ਨਾ ਜੰਮੇ, ਆਪਣਾ ਅੰਦਰਲਾ ਨਾ ਮੰਨੇ। ਇਹ ਹੈ ਤਾਂ ਸ਼ਰਧਾ ਦਾ ਪ੍ਰਗਟਾਉ, ਪਿਆਰ ਵਾਲੇ ਦਿਲ ਦੀ ਮਹਿਕ, ਸਿਦਕ ਵਾਲੇ ਮਨ ਦੀ ਪੰਘਰ, ਹੁਕਮ ਰਜਾਈ ਚੱਲਣ ਵਾਲੇ ਦਾ ਇਸ਼ਕ, ਇਹ ਹੈ ਪਿਰਮ ਪਿਆਲਾ ਜੋ ਆਪਣੇ ਖਸਮ ਕੋਲੋਂ ਦਾਤ ਵਾਂਗੂ ਲੈ ਕੇ, ਭੇਟ ਬਣਾ ਕੇ ਖਸਮ ਜੀ ਨੂੰ ਹੀ ਅਰਪਣ ਕਰ ਦੇਣਾ ਹੈ। ਇਹੋ ਹੈ ਭੇਟ ਜਿਸ ਦੇ ਰਾਹੀਂ ਜਾਣਾ ਹੈ ਸਿਫਤ ਸਾਲਾਹ ਵਿਚ :

ਸਿਫਤ ਸਲਾਹਣ ਅੰਮ੍ਰਿਤ ਵੇਲਾ ॥

ਸਮੇਂ ਨੇ ਬੀਤਣਾ ਤਾਂ ਅਵੱਸ਼ ਹੈ, ਪਰ ਕਿਵੇਂ ਬੀਤੇ ? ਇਹੋ ਸੁਆਲ ਹੈ। ਗੁਰਮਤਿ ਆਖਦੀ ਹੈ ਕਿ ਹੇ ਜਗਿਆਸੂ ਇਸ ਸਮੇਂ, ਹਾਂ ਇਸ ਅੰਮ੍ਰਿਤ ਮਈ ਅਮੋਲਕ ਸਮੇਂ ਨੂੰ ਨੀਂਦਰ, ਵਿਕਾਰ ਜਾਂ ਮਾਇਆ ਦੇ ਭਰਮ ਉ ਵਿਚ ਬੇਅਰਥ ਨਾ ਗੁਆ ਕਿਉਂਕਿ 'ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥ ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥'

ਸੋ ਕਾਮਨਾ ਰਹਿਤ ਹੋ, ਆਪੇ ਤੋਂ ਉੱਪਰ ਉੱਠ ਤੇ ਇਹ ਨਿਮਾਣੀ ਜਿਹੀ ਭੇਟ ਦੇਹ ਸਤਿਗੁਰੂ ਜੀ ਅਗੇ ਜੋ ਦਿਸ ਪਵੇ ਦਰਬਾਰ, ਇਹ ਹੈ ਸੰਤ ਮਾਰਗ :—

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

ਹਾਂ ਜੀ ਸੰਤ ਰੂਹਾਂ ਨੇ ਜਦ ਅੰਮ੍ਰਿਤ ਵੇਲਾ ਅਰਪਣ ਕਰ 'ਸਚੁ ਨਾਉ ਵਡਿਆਈ ਵੀਚਾਰੁ


www.AKJ.org

ਵਿਚ ਲਗ ਗਏ ਤਾਂ ਐਸਾ ਦ੍ਰਿਸ਼ ਬੰਨ੍ਹਿਆ ਕਿ ਅਸਚਰਜਤਾ ਛਾ ਗਈ।

ਇਹੋ ਹੀ ਹੈ ਖੇਡ ਇਸ ਸੰਸਾਰ ਵਿਖੇ ਜਿੱਤਣ ਦੀ, ਦੁਨੀਆਂ ਦੀ ਪ੍ਰੀਤਿ ਤਿਆਗ ਕੇ, ਗੁਰੂ ਦੇ ਸ਼ਬਦ ਵਲ ਲੱਗ ਕੇ, ਪ੍ਰਭਾਤੀਂ ਉੱਠ ਕੇ :—

ਨਾਉ ਪ੍ਰਭਾਤੇ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ ॥

ਉਂਜ ਦੇਖੋ ਕਿ ਜੇ ਨੀਵੀਂ ਪੱਧਰ ਤੇ ਆਵੀਏ ਤੇ ਦੁਨੀਆਂਦਾਰੀ ਦੀ ਪ੍ਰੀਤੀ ਭੀ ਕੁਰਬਾਨੀ ਹੀ ਕੁਰਬਾਨੀ ਮੰਗਦੀ ਹੈ ਤੇ ਕੀ ਕੀ ਨਹੀਂ ਕੁਰਬਾਨ ਹੋਇਆ ਤੇ ਫਿਰ ਸੋਚੋ ਕਾਹਦੇ ਵਾਸਤੇ ?

ਭਾਈ ਗੁਰਦਾਸ ਜੀ ਨੇ ਕੁਝ ਉਦਾਹਰਣ ਦਿਤੇ ਹਨ ਕਿ ਇਨਸਾਨੀ ਚਮੜੀ ਦੀ ਪ੍ਰੀਤ ਵਾਸਤੇ, ਜਿਸ ਦੀ ਸੁੰਦਰਤਾ ਚਮੜੀ ਦੀ ਡੂੰਘਾਈ ਜਿੰਨੀ ਭੀ ਨਹੀਂ, ਜਿਸ ਦੀ ਉਮਰ ਇਨਸਾਨ ਦੀ ਉਮਰ ਜਿਤਨੀ ਵੀ ਨਹੀਂ, ਜਿਸ ਦਾ ਜੋਬਨ ਜ਼ਿਸ ਦੀ ਚਮਕ ਤੇ ਸ਼ੋਖੀ, ਬਸ ਦਿਨਾਂ ਦੀ ਖੇਡ ਹੈ, ਜਿਸ ਦਾ ਅੰਤ ਤ੍ਰਿਪਤੀ ਨਹੀਂ ਅਤ੍ਰਿਪਤੀ ਹੈ, ਜ਼ਿਸ ਦਾ ਅੰਤ ਰਬ ਦੀ ਪ੍ਰਾਪਤੀ ਨਹੀਂ ਸਗੋਂ ਰਬ ਜੀ ਤੋਂ ਦੂਰੀ ਤੇ ਕਰਮ ਕਾਂਡ ਦੇ ਚੱਕਰ ਵਿਚ ਫਸਣ ਵਾਲੀ ਗਲ ਹੈ ਜਿਵੇਂ Orbit (ਅੰਤਰਿਕਸ਼) ਵਿਚ ਹਰ ਚੀਜ਼ ਅਟੁੱਟ ਘੁੰਮਦੀ ਹੈ।

ਲੈਲਾ ਮਜਨੂੰ ਆਸਕੀ ਚਹੁ ਚੱਕੀ ਜਾਤੀ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸੱਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।
ਪੀਰ ਮੁਰੀਦਾਂ ਪਿਰਹੜੀ ਗਾਵਨਿ ਪਰਭਾਤੀ।

ਪੀਰ ਦੇ ਮੁਰੀਦਾਂ ਅਥਵਾ ਗੁਰੂ ਦੇ ਸਿੱਖਾਂ ਦੀ ਪ੍ਰੀਤ ਜੋ ਹੁੰਦੀ ਹੈ ਉਹ ਦਾਰਸ਼ਨਿਕ ਹੁੰਦੀ ਹੈ; ਸਿਫਤ ਸਾਲਾਹ ਦੇ ਗਾਇਣ ਵਿਚ ਅੰਮ੍ਰਿਤ ਵੇਲੇ। ਹਾਂ ਜੀ ਅੰਮ੍ਰਿਤ ਵੇਲੇ-ਵੱਡੇ-ਵੇਲੇ-ਜਿਸ ਵੇਲੇ ਵਾਸਤੇ ਜੁਗੋ ਜੁਗ ਲਦੀ, ਇਸ ਸੁਆਲ ਦਾ ਉਤਰ, ਕਿ ਉਸ ਵੇਲੇ ਕਿਸ ਦਾ ਨਾਮ ਲੈਣਾ ਚਾਹੀਦਾ ਹੈ, ਗੁਰੂ ਜੀ ਨੇ ਆਪ ਸਪਸ਼ਟ ਕੀਤਾ ਹੈ—

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥

ਇਸ ਵਿਚ ਸ਼ਕ ਨਹੀਂ ਕਿ ਬਾਉਂ ਥਾਈਂ ਇਹੋ ਹੁਕਮ ਹੈ ਕਿ ਅਰਾਧਨਾ ਦਿਨ ਰਾਤ, ਹਰ ਵਕਤ ਚਾਹੀਦੀ ਹੈ:—

(੧) ਦਿਨੁ ਰਾਤੀ ਆਰਾਧਹੁ ਪਿਆਰੋ,
ਨਿਮਖ ਨ ਕੀਜੈ ਢੀਲਾ।
(੨) ਊਠਤ ਬੈਠਤ ਸੋਵਤ ਨਾਮ,
ਕਹੁ ਨਾਨਕ ਜਨ ਕੈ ਸਦ ਕਾਮ।
(੩) ਉਚਰਹੁ ਰਾਮ ਨਾਮੁ ਲਖ ਬਾਰੀ।
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ।
(੪) ਇਤਨਾ ਹੀ ਕਾਫੀ ਨਹੀਂ ਸਗੋਂ—

'ਇਕ ਦੂ ਜੀਭੌ ਲਖ ਹੋਹਿ, ਲਖਹੋਵਹਿ ਲਖਵੀਸ। ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।' ਤੇ ਇਸੇ ਨੂੰ ਰਾਹ ਦਸਿਆ ਹੈ।

'ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ'। ਭਾਵ ਨਾਮ ਤੇ ਸਿਫ਼ਤ ਸਲਾਹ ਦੀ ਪ੍ਰਾਪਤੀ ਜਿਤਨੀ ਵੀ ਹੋਵੇ ਥੋੜੀ ਹੈ। ਇਹ ਐਸੀ ਮਿਠੀ ਪਿਆਰੀ ਤੇ ਅਮੋਲਕ ਵਸਤੂ ਹੈ ਕਿ ਇਸ ਦਾ ਰੱਜ ਕਦੇ ਵੀ ਨਹੀਂ ਆ ਸਕਦਾ ਦਸਮ। ਪਾਤਸ਼ਾਹ ਜੀ ਜਦੋਂ ਆਪਣੇ ਪਹਿਲੇ ਸਰੂਪ ਵਿਚ ਹੇਮ ਕੁੰਟ ਤਪਸਿਆ ਕੀਤਾ ਕਰਦੇ ਸਨ ਤਦੋਂ —*


www.AKJ.Org

# ਸ਼ਹੀਦਾਂ ਦੇ ਸਿਰਤਾਜ

( ਭਾਈ ਮਨਮੋਹਣ ਸਿੰਘ ਜੀ ਬੱਲ ਬੁਤਾਲਾ )

ਸ਼ਹੀਦਾਂ ਦੇ ਸਿਰਤਾਜ ਗੁਰੂ ਜੀ ਤੱਤੀ ਲੋਹ ਤੇ ਬਹਿ ਗਏ ਨੇ।
ਦੀਨ ਪਿਆਰਾ ਸਮਝੋ ਆਪਣਾ ਸੰਗਤਾਂ ਨੂੰ ਇਹ ਕਹਿ ਗਏ ਨੇ।

ਰੋਹ ਵਿਚ ਆ ਕੇ ਇਕ ਦਿਨ ਚੰਦੂ, ਡਾਢਾ ਜ਼ੁਲਮ ਕਮਾਇਆ ਸੀ।
ਸ਼ਾਂਤੀ ਦਾ ਸਰੂਪ ਪਿਆਰਾ, ਲੋਹ ਦੇ ਉਤੇ ਬਠਾਇਆ ਸੀ।
ਸੀਸ ਤੇ ਬਲਦੀ ਰੇਤ ਦੇ ਕੜਛੇ ਸਤਿਗੁਰ ਜੀ ਦੇ ਪੈ ਗਏ ਨੇ।
ਦੀਨ ਪਿਆਰਾ ਸਮਝੋ ਆਪਣਾ...........

ਇਟ ਚੁਬਾਰੇ ਦੀ ਤੂੰ ਚੰਦੂ, ਮੋਰੀ ਨੂੰ ਕਿਉਂ ਲਗਾਉਨਾ ਏਂ?
ਹੋਕੇ ਵਜ਼ੀਰ ਤੂੰ ਬਾਦਸ਼ਾਹ ਦਾ, ਫ਼ਕੀਰਾਂ ਨਾਲ ਰਿਸ਼ਤੇ ਬਨਾਉਨਾ ਏਂ?
ਗੁਰੂ ਘਰ ਨੂੰ ਬੋਲੀ ਮਾਰੀ, ਅਧੂਰ ਕੰਮ ਫਿਰ ਰਹਿ ਗਏ ਨੇ।
ਦੀਨ ਪਿਆਰਾ ਸਮਝੋ ਆਪਣਾ..............

ਜੇ ਨਾ ਇਹ ਮਨਜ਼ੂਰ ਤੁਸਾਂ ਨੂੰ, ਤਾਂ ਦੀਨ ਵਿਚ ਆ ਜਾਵੋ।
ਇਸਲਾਮ ਦੇ ਝੰਡੇ ਹੇਠਾਂ ਆ ਕੇ, ਬਾਦਸ਼ਾਹੀ 'ਚ ਸੁਖ ਪਾਵੋ।
ਦੌਲਤਾਂ ਅਤੇ ਜਗੀਰਾਂ ਲੈ ਲਉ, ਮੌਤ ਖ਼ੌਫ਼ ਸਭ ਲਹਿ ਗਏ ਨੇ।
ਧਰਮ ਪਿਆਰਾ ਸਮਝੋ ਆਪਣਾ..............

ਧੀਰਜ ਨਾਲ ਗੁਰੂ ਜੀ ਬੋਲੇ, ਮੌਤ ਤੋਂ ਕਿਉਂ ਡਰਾਉਂਦੇ ਹੋ?
ਭੈੜੀ ਮਾਇਆ ਦਾ ਲਾਲਚ ਦੇ, ਸਾਡਾ ਧਰਮ ਛਡਾਉਂਦੇ ਹੋ?
'ਬੱਲ' ਗੁਰੂ ਜੀ ਪੂਰਨੇ ਪਾਣ ਲਈ, ਤਾਹੀਂ ਲੋਹ ਤੇ ਬਹਿ ਗਏ ਨੇ।
ਦੀਨ ਪਿਆਰਾ ਸਮਝੋ ਆਪਣਾ, ਸੰਗਤਾਂ ਨੂੰ ਇਹ ਕਹਿ ਗਏ ਨੇ।

---

* 'ਇਹ ਬਿਧਿ ਕਰਤ ਤਪਸਯਾ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।'

ਪਰਮੇਸ਼ਰ ਜੀ ਦੇ ਨਾਲ ਇਕ ਰੂਪ ਹੋ ਜਾਣ ਦੇ ਬਾਵਜੂਦ ਭੀ 'ਅਨੰਤ ਨਾਮ ਗਾਇਹੌਂ' ਦੀ ਲਾਲਸਾ ਰਹੀ—

ਭਜੋ ਸੋ ਏਕ ਨਾਮਯੰ। ਜੁ ਕਾਮ ਸਰਬ ਠਾਮਯੰ।
ਬਿਅੰਤ ਨਾਮ ਧਿਆਇ ਹੋ। ਪਰਮ ਜੋਤਿ ਪਾਇ ਹੋ।
ਤਵੱਕ ਨਾਮੁ ਉਚਾਰੀਯੰ। ਅਨੰਤ ਦੂਖ ਟਾਰੀਯੰ।

ਵਾਹਿਗੁਰੂ ਜੀ ਦੇ ਸਪੂਤ ਨਾਮ ਦੇ ਦਾਤਾ, ਆਪ ਭੀ ਰੋਮ ਰੋਮ 'ਤੂਹੀ ਤੂਹੀ' ਲਗੇ ਰਹੇ ਹਨ। ਇਹ ਕਥਾ ਆਦਿ ਤੋਂ ਇਸੇ ਤਰ੍ਹਾਂ ਹੀ ਚਲੀ ਆਈ ਹੈ। (ਚਲਦਾ)

www.AKJ.Org

ਸਿਖ-ਇਤਿਹਾਸ ਵਿਚਾਰ ਲੜੀ ਨੰ: ੩

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਸਿੱਖ-ਇਤਿਹਾਸ ਵਿਚ ਇਹ ਪ੍ਰਚਲਤ ਵਿਚਾਰ ਹੈ ਕਿ ਜਦੋਂ ਸ੍ਰੀ ਦਸਮੇਸ਼ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਪਿਛੋਂ ਉਨ੍ਹਾਂ ਕੋਲੋਂ ਆਪ ਅੰਮ੍ਰਿਤ ਦੀ ਦਾਤ ਮੰਗੀ ਤਾਂ ਪੰਜ ਪਿਆਰਿਆਂ ਕਿਹਾ, ਗੁਰਦੇਵ ਪਿਤਾ ਜੀ! ਸਿਰ ਦੇਕੇ ਅੰਮ੍ਰਿਤ ਲਿਆ ਹੈ। ਅੰਮ੍ਰਿਤ ਛਕਣ ਲਈ ਕੀ ਦਿਉਗੇ ? ਗੁਰੂ ਜੀ ਨੇ ਹੱਥ ਜੋੜਕੇ ਕਿਹਾ ਅੰਮ੍ਰਿਤ ਬੂੰਦ ਪੀਣ ਦੇ ਬਦਲੇ ਆਪਣਾ ਤਨ ਮਨ ਧਨ ਅਤੇ ਪ੍ਰਵਾਰ ਖਾਲਸਾ ਪੰਥ ਲਈ ਵਾਰ ਦਿਆਂਗਾ।

ਇਹ ਸ਼ਬਦ ਗੁਰੂ ਜੀ ਨੇ ਕੇਵਲ ਕਹੇ ਨਹੀਂ, ਸਗੋਂ ਅਮਲ ਵਿਚ ਲਿਆਕੇ ਦਿਖਾ ਦਿਤੇ। ਪਿਤਾ ਸ੍ਰੀ ਗੁਰੂ ਤੇਗ ਬਹਾਦਰ ਆਪ ਪਹਿਲਾਂ ਹੀ ਵਾਰ ਚੁਕੇ ਸਨ। ਅੰਮ੍ਰਿਤ-ਬੂੰਦ ਪੀਣ ਪਿਛੋਂ ਆਪ ਨੇ ਖਾਲਸਾ ਪੰਥ ਦੀ ਖਾਤਰ ਚਾਰੇ ਬੱਚੇ ਅਤੇ ਮਾਤਾ ਗੁਜਰੀ ਜੀ ਵਾਰ ਦਿਤੇ। ਸਭ ਕੁਝ ਵਾਰ ਕੇ ਪਿਛੋਂ ਆਪਣਾ ਆਪ ਵੀ ਏਸੇ ਸ਼ੁਭ ਕਾਰਜ ਲਈ ਕੁਰਬਾਨ ਕੀਤਾ।

ਪਰ ਮੇਰੇ ਵਿਚਾਰ ਵਿਚ ਇਸ ਅੰਮ੍ਰਿਤ ਛਕਾਉਣ ਤੇ ਛਕਣ ਵਿਚ ਇਕ ਹੋਰ ਭੇਦ ਲੁਕਿਆ ਹੋਇਆ ਹੈ। ਜਦੋਂ ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਮੰਗਿਆ ਤਾਂ ਪੰਜ ਪਿਆਰਿਆਂ ਕਿਹਾ, 'ਗੁਰਦੇਵ ਪਿਤਾ ਜੀ! ਸਿਰ ਦੇ ਕੇ ਅੰਮ੍ਰਿਤ ਲਿਆ ਹੈ, ਤੁਸੀਂ ਕੀ ਦਿਉਗੇ। ਵਿਚਾਰਨ-ਯੋਗ ਗਲ ਇਹ ਹੈ ਕਿ ਜੇ ਪੰਜ ਪਿਆਰਿਆਂ ਨੇ ਸੀਸ ਕਟਵਾਕੇ ਮੁੜ ਜਨਮ ਨਾ ਲਿਆ ਹੁੰਦਾ ਤੇ ਨਵ-ਜਨਮ ਧਾਰ ਕੇ ਖਾਲਸ-ਜਨ ਨਾ ਬਣੇ ਹੁੰਦੇ ਤਾਂ ਉਹ ਗੁਰੂ ਜੀ ਨੂੰ ਅੰਮ੍ਰਿਤ ਦੇਣ ਵੇਲੇ ਇਹ ਸ਼ਬਦ ਕਿਵੇਂ ਕਹਿ ਸਕਦੇ ਸਨ ਕਿ 'ਸਿਰ ਦੇਕੇ ਅੰਮ੍ਰਿਤ ਲਿਆ ਹੈ, ਤੁਸੀਂ ਕੀ ਦਿਉਗੇ। ਉਨ੍ਹਾਂ ਇਹ ਸਵਾਲ ਤਦ ਹੀ ਕੀਤਾ ਕਿਉਂਕਿ ਉਨ੍ਹਾਂ ਪਹਿਲਾਂ ਸਿਰ ਦਿਤਾ ਸੀ, ਖੰਡੇ ਦੀ ਧਾਰ ਵਿਚੋਂ ਸੀਸ ਲੰਘਾਇਆ ਸੀ। ਉਨ੍ਹਾਂ ਸੀਸ ਦੇਕੇ, ਖਾਲਸਾ ਜਨ ਬਣਕੇ, ਪੰਜ ਪਿਆਰਿਆਂ ਦਾ ਉਚਾ ਦਰਜਾ ਪ੍ਰਾਪਤ ਕੀਤਾ ਸੀ। ਅਜਿਹੇ ਖਾਲਸੇ ਦੇ ਨਮਿਤ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸ਼ਬਦ ਉਚਾਰਿਆ— ਖਾਲਸਾ ਮੇਰੋ ਰੂਪ ਹੈ ਖਾਸ।

ਖਾਲਸੇ ਮਹਿ ਹੌ ਕਰੌ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹੌਂ ਸਦ ਸਦ ਸੰਗਾ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸ਼ਾ ਮੇਰੋ ਕਹੀਅਤ ਬਿਰਦ।
ਖਾਲਸਾ ਮੇਰੋ ਸੁਖ ਅਹਿਲਾਦਾ।
ਖਾਲਸਾ ਮੇਰੋ ਪਛ ਘਰ ਪਾਤਾ।
ਖਾਲਸਾ ਮੇਰੋ ਮਿੱਤਰ ਸਖਾਈ।

www.AKJ.Org

ਖਾਲਸਾ ਮਾਤ ਪਿਤਾ ਸੁਖਦਾਈ।
ਖਾਲਸਾ ਮੇਰੀ ਸੋਭਾ ਸੀਲਾ।
ਖਾਲਸਾ ਬੰਦ, ਸਖਾ ਸਦ ਡੀਲਾ।
ਖਾਲਸਾ ਮਰੀ ਜ਼ਾਤ ਅਰ ਪਤ।
ਖਾਲਸਾ ਸੋ ਮਾ ਕੋ ਉਤਪਤ।
ਖਾਲਸਾ ਮੇਰੋ ਭਵਨ ਭੰਡਾਰਾ।
ਖਾਲਸੇ ਕਰ, ਮੇਰੋ ਸਤਿਕਾਰਾ।
ਖਾਲਸਾ ਮੇਰੋ ਸ੍ਵਜਨ ਪਰਵਾਰਾ।
ਖਾਲਸਾ ਮੇਰੋ ਕਰਤ ਉਧਾਰਾ।
ਖਾਲਸਾ ਮੇਰੋ ਪਿੰਡ ਪਰਾਨ।
ਖਾਲਸਾ ਮੇਰੀ ਜਾਨ ਕੀ ਜਾਨ।
ਮਾਨ ਮਹਤ ਮੇਰੀ ਖਾਲਸਾ ਸਹੀ।
ਖਾਲਸਾ ਮੇਰੋ ਸ੍ਵਾਰਥ ਸਹੀ।
ਖਾਲਸਾ ਮੇਰੋ ਕਰੇ ਨਿਰਬਾਹ।
ਖਾਲਸਾ ਮੇਰੋ ਦੇਹ ਅਰ ਸਾਹ।
ਖਾਲਸਾ ਮੇਰੋ ਧਰਮ ਅਰ ਕਰਮ।
ਖਾਲਸਾ ਮੇਰੋ ਭੇਦ ਨਿਜ ਮਰਮ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਨ ਸੂਰਾ।
ਖਾਲਸਾ ਮੇਰੋ ਬੁਧ ਅਰ ਗਿਆਨ।
ਖਾਲਸੇ ਕਾ ਹੋ ਧਰੋ ਧਿਆਨ।
ਉਪਮਾ ਖਾਲਸੇ ਜਾਤ ਨ ਕਹੀ।
ਜਿਹਵਾ ਏਕ ਪਾਰ ਨਹਿ ਲਹੀ।
ਸੇਸ ਰਸਨ ਸਾਰਦ ਸੀ ਬੁਧ।
ਤਦਪ ਨ ਉਪਮਾ ਬਰਨਤ ਸੁਧ।
ਯਾ ਮੈ ਰੰਚ ਨ ਮਿਥਿਆ ਭਾਖੀ।
ਪਾਰਬ੍ਰਹਮ ਗੁਰ ਨਾਨਕ ਸਾਖੀ।
ਰੋਮ ਰੋਮ ਜੇ ਰਸਨਾ ਪਾਊਂ।
ਤਦਮ ਖਾਲਸਾ ਜਸ ਤਹਿ ਗਾਊਂ।
ਹੌ ਖਾਲਸੇ ਕੋ ਖਾਲਸਾ ਮੇਰੋ।
ਓਤ ਪੋਤਿ ਸਾਗਰ ਬੂੰਦੇਰੋ।

ਸੋ ਪੰਜ ਪਿਆਰਿਆਂ ਦੇ ਇਨਾਂ ਨਿਰਭੈਤਾ ਭਰੇ ਸ਼ਬਦਾਂ 'ਕਿ ਸਿਰ ਦੇ ਕੇ ਅੰਮ੍ਰਿਤ ਲਿਆ ਹੈ, ਤੁਸੀਂ ਕੀ ਦਿਓਗੇ ? ਤੋਂ ਸਪਸ਼ਟ ਹੈ ਕਿ ਪੰਜ-ਪਿਆਰਿਆਂ ਪਹਿਲਾਂ ਸੀਸ ਦਿਤਾ, ਫਿਰ ਪੰਜ-ਪਿਆਰਿਆਂ ਦਾ ਉਚਾ ਦਰਜਾ ਪ੍ਰਾਪਤ ਕਰਕੇ ਅੰਮ੍ਰਿਤ ਛਕਣ ਤੇ ਛਕਾਉਣ ਦੇ ਅਧਿਕਾਰੀ ਬਣੇ। (ਚਲਦਾ)

## ਵਾਰਸ਼ਕ ਕੀਰਤਨ ਸਮਾਗਮ ਅੰਬਾਲਾ ਛਾਉਣੀ

ਸਰਬ ਸੰਗਤਾਂ ਦੇ ਚਰਨਾਂ ਵਿਖੇ ਜੋਦੜੀ ਹੈ ਕਿ ਸਦਾ ਵਾਂਗ ਇਸ ਸਾਲ ਵੀ ਅੰਬਾਲਾ ਛਾਉਣੀ ਵਿਖੇ 15, 16, 17 ਅਤੇ 18 ਅਗਸਤ 1968 ਨੂੰ ਬੜਾ ਭਾਰੀ ਅਖੰਡ ਕੀਰਤਨ ਸਮਾਗਮ ਹੋ ਰਿਹਾ ਹੈ। ਸਰਬੱਤ ਸੰਗਤਾਂ ਹੁਣ ਤੋਂ ਹੀ ਅੰਬਾਲੇ ਦੇ ਸਮਾਗਮ ਦੀਆਂ ਤਿਆਰੀਆਂ ਅਰੰਭ ਦੇਣ। ਪੂਰਾ ਪ੍ਰੋਗਰਾਮ ਜੁਲਾਈ ਦੇ ਪਰਚੇ ਵਿਚ ਛਪ ਜਾਵੇਗਾ।

ਨੋਟ.—ਇਸ ਵਾਰਸ਼ਕ ਸਮਾਗਮ ਦੀ ਹਰ ਸਾਲ ਲਈ ਪਕੀ ਪ੍ਰਵਾਨਗੀ ਪ੍ਰੇਮ ਸਤਕਾਰੀ ਪੂਜਯ ਪੰਜ ਪਿਆਰਿਆਂ ਦੀ ਅਪਾਰ ਕ੍ਰਿਪਾ ਦਵਾਰਾ ਲੁਧਿਆਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਗੁਰਪੁਰਬ ਤੇ ਮਿਲ ਚੁਕੀ ਹੈ। ਸਰਬੱਤ ਸਿੰਘਾਂ ਅਗੇ ਜੋਦੜੀ ਹੈ ਕਿ ਉਪ੍ਰੋਕਤ ਸਮਾਗਮ ਦੀਆਂ ਤਾਰੀਖ਼ਾਂ ਵਿਚ ਕਿਤੇ ਵੀ ਕੋਈ ਹੋਰ ਸਮਾਗਮ ਨ ਰਖਿਆ ਜਾਵੇ, ਤਾਕਿ ਅਸੀਂ ਸਾਰੇ ਇਕੱਠੇ ਹੋ ਕੇ ਸਚੇ ਪਾਤਸ਼ਾਹ ਦੀ ਗੋਦ ਵਿਚ ਬੈਠ ਕੇ ਕੀਰਤਨ ਦੇ ਲਾਹੇ ਲੈ ਸਕੀਏ।

ਪੁਛ ਗਿਛ ਲਈ—
ਭਾਈ ਦੁਰਲਭ ਸਿੰਘ, 2416 ਡੀ.ਸੀ. ਰੋਡ,
ਅੰਬਾਲਾ ਛਾਉਣੀ

ਸੰਗਤਾਂ ਦੀ ਚਰਨ ਧੂੜੀ ਦੇ ਜਾਚਕ—
ਨਿਰਬਾਣ ਕੀਰਤਨੀ ਜਥਾ,
ਅੰਬਾਲਾ ਛਾਉਣੀ


www.AKJ.org



(ਇਕ ਗੁਰਮਤਿ ਖੋਜੀ ਦੀ ਕਲਮ ਤੋਂ)

ਪ੍ਰਸ਼ਨ—ਜੀਅ ਕਰਦਾ ਏ ਕਿ ਅੰਮ੍ਰਿਤ ਪੀ ਕੇ ਨਾਮ ਰਸ ਦਾ ਸੁਆਦ ਮਾਣਾਂ, ਪਰ ਰਹਿਤ-ਬਹਿਤ ਤੇ ਖਾਣ ਪੀਣ ਦੀ ਕਰੜੀ ਘਾਲਨਾਂ ਤੋਂ ਕੁਝ ਡਰਦਾ ਵੀ ਹਾਂ। ਦਸੋ ਕੀ ਕਰਾਂ?

(ਇਕ ਪਾਠਕ ਅੰਮ੍ਰਿਤਸਰ)

ਉਤਰ—ਮੇਰੇ ਭਾਈ! ਘਾਲ ਘਾਲੇ ਬਿਨਾਂ ਤੇ ਕਰੜਾਈ ਸਹੇ ਬਿਨਾਂ ਦੁਨੀਆਂ ਦੀ ਕੋਈ ਵੀ ਉੱਚੀ ਵਸਤੂ ਪ੍ਰਾਪਤ ਨਹੀਂ ਹੁੰਦੀ। ਜ਼ਰਾ ਵਿਚਾਰੋ! ਕਿ ਜੇ ਚੰਨਣ ਪੱਥਰ ਤੇ ਆਪਾ ਘਸਾ ਕੇ ਹੀ ਮੱਥੇ ਦਾ ਟਿੱਕਾ ਬਣਦਾ ਹੈ, ਹੀਰਾ ਵਿਝ ਕੇ ਹੀ ਗਲੇ ਦਾ ਹਾਰ ਬਣਦਾ ਹੈ, ਮਹਿੰਦੀ ਰਗੜੇ ਖਾ ਕੇ ਹੀ ਪ੍ਰੇਮੀ ਦੇ ਹੱਥਾਂ ਦਾ ਸਿੰਗਾਰ ਬਣਦੀ ਹੈ, ਸੁਰਮਾਂ ਆਪਣਾ ਆਪ ਪਿਸਾ ਕੇ ਹੀ ਸੁੰਦਰੀਆਂ ਦੇ ਨੈਣਾਂ ਨੂੰ ਚਾਰ ਚੰਨ ਲਾਉਂਦਾ ਹੈ, ਤਾਂ ਕੀ ਤੁਸੀਂ ਆਪਣਾ ਤਨ ਮਨ ਗੁਰੂ ਹੁਕਮਾਂ ਨਾਲ ਘਸਾ ਕੇ ਨਿਰਮਲ ਬਣਾਏ ਬਿਨਾਂ ਨਾਮ-ਰਸ ਦਾ ਹੁਲਾਰਾ ਲੈ ਸਕਦੇ ਹੋ?

ਪ੍ਰਸ਼ਨ:—ਮੇਰੇ ਸਾਰੇ ਰਿਸ਼ਤੇਦਾਰ-ਮਾਤਾ ਪਿਤਾ-ਭੈਣ ਭਰਾ ਬੇ ਅੰਮ੍ਰਿਤੀਏ ਹਨ। ਜਿਥੇ ਮੇਰਾ ਰਿਸਤਾ ਹੋਇਆ ਹੈ ਉਹ ਤੰਮਾਕੂ ਸ਼ਰਾਬ ਮਾਸ ਵਰਤਦੇ ਹਨ। ਅਜਿਹੇ ਵਾਤਾਵਰਨ ਵਿਚ ਮੈਨੂੰ ਕੀ ਕਰਨਾਂ ਚਾਹੀਦਾ ਹੈ? ਇਕ ਫੌਜੀ ਵੀਰ)

ਉਤਰ—ਮੇਰੇ ਵੀਰ! ਤੁਹਾਡੀ ਸਮੱਸਿਆ ਕਈ ਵੀਰਾਂ ਦੀ ਸਮੱਸਿਆ ਹੈ। ਜਿਹੜੇ ਤੱਤ ਗੁਰਮਤਿ ਦੇ ਧਾਰਨੀ ਬਣਨਾ ਲੋਚਦੇ ਹਨ।

ਗੁਰਬਾਣੀ ਵਿਚ ਕਈ ਥਾਂ ਆਉਂਦਾ ਹੈ ਕਿ ਕਿ ਨਿਰੇ ਸੰਸਾਰੀਆਂ ਤੇ ਭਗਤਾਂ ਦਾ ਮੇਲ ਨਹੀਂ ਹੋ ਸਕਦਾ। ਉਂਜ ਅਜਿਹੇ ਰਿਸ਼ਤੇਦਾਰਾਂ ਨਾਲ ਘਟ ਹੀ ਬਣਦੀ ਹੈ। ਪਰ ਇਹ ਗਲ ਪਕੀ ਕਰ ਲਓ ਕਿ ਜੇ ਤੁਹਾਡੀ ਬਣਨ ਵਾਲੀ ਘਰ ਵਾਲੀ-ਤੁਹਾਡੀ ਖਾਤਰ, ਜੀਵਨ ਸਵਰਗ ਦੀ ਖਾਤਰ-'ਪੀਛੇ ਲਾਗ ਚਲੀ' ਅਸੂਲ ਦੀ ਧਾਰਨੀ ਹੋ ਸਕਦੀ ਹੈ-ਤਾਂ ਤਕੜੇ ਹੋਕੇ ਗੁਰਮਤਿ ਅਨੁਸਾਰ ਵਿਆਹ ਕਰਵਾ ਲਉ ਤੇ ਪਿਆਰ ਸ਼ਕਤੀ ਰਾਹੀਂ ਉਸ ਨੂੰ ਤਨੋ ਮਨੋਂ ਆਪਣੇ ਵਲ ਦੀ ਬਣਾ ਲਓ। ਪਰ ਜੇ ਰਿਸ਼ਤੇਦਾਰਾਂ ਤੋਂ ਸੁਣੇ ਸੁਣਾਏ ਉਹ ਪਹਿਲਾਂ ਹੀ ਤੱਤ ਗੁਰਮਤ ਨੂੰ ਨਫ਼ਰਤ ਕਰਦੀ ਹੈ ਤਾਂ ਕਿਸੇ ਸ਼ਰਤ ਤੇ ਵੀ ਵਿਆਹ ਨਾ ਕਰਵਾਓ। ਵਿਆਹ ਤੋਂ ਪਿਛੋਂ ਦੇ ਮਾਨਸਿਕ ਦੁਖ ਨਾਲੋਂ


www.AKJ.org

ਹੁਣ ਹੀ ਪਰੇ ਰਹਿਣਾ ਚੰਗਾ ਹੈ।

ਪ੍ਰਸ਼ਨ—ਨਿਸ਼ਾਨ ਸਾਹਿਬ ਨੂੰ ਮੱਥਾ ਟੇਕਣਾ, ਫੂਲ ਚੜ੍ਹਾਉਣੇ ਜਾਂ ਪ੍ਰਕਰਮਾਂ ਕਰਨੀ,ਕੀ ਗੁਰਮਤਿ ਅਨਕੂਲ ਹੈ। (ਇਕ ਪਾਠਕ ਦਾਰਜੀਲਿੰਗ)

ਉਤਰ—ਗੁਰੂ ਦਾ ਸਿੱਖ ਕੇਵਲ ਜਾਗਤ ਜੋਤ ਦਾ ਉਪਾਸ਼ਕ ਹੈ। ਗੁਰੂ ਕੇ ਨਿਸ਼ਾਨ ਕੇਵਲ ਪ੍ਰੇਰਨਾਂ ਦੇ ਸੋਮੇ ਹਨ। ਕਿਸੇ ਹੋਰ ਤਰ੍ਹਾਂ ਦੀ ਕੋਈ ਵੀ ਪੂਜਾ ਨਾਮ ਜਪਣ ਦੇ ਤੁੱਲ ਨਹੀਂ ਹੋ ਸਕਦੀ। ਸਹਿਜ ਅਨੰਦ ਕੇਵਲ ਮਰਜੀਵੜੇ ਬਣਿਆਂ ਹੀ ਪ੍ਰਾਪਤ ਹੋ ਸਕਦਾ ਹੈ।

ਪ੍ਰਸ਼ਨ—ਸੰਗਰਾਂਦ ਦਾ ਦਿਨ ਵਿਸ਼ੇਸ਼ਤਾ ਨਾਲ ਮਨਾਉਣਾ ਕੀ ਗੁਰਮਤਿ ਅਨੁਸਾਰ ਹੈ?

ਉਤਰ—ਗੁਰਬਾਣੀ ਦੀ ਰੌਸ਼ਨੀ ਵਿਚ ਦਿਨ ਰੈਣ ਓਹੀ ਸਫਲ ਹੈ ਜਿਹੜੀ ਗੁਰੂ ਦੇ ਬਣਕੇ ਗੁਰੂ ਗੁਰੂ ਕਰਦਿਆਂ ਲੰਘੇ। ਸੰਗਰਾਂਦ ਨੂੰ ਵਿਸ਼ੇਸ਼ ਮਹਾਨਤਾ ਦੇਣੀ ਹਿਦੂ ਮੱਤ ਦੇ ਅਸਰ ਕਰਕੇ ਹੈ। ਕਈ ਗੁਰਮੁਖ ਜਨਾਂ ਨੇ ਬਾਰਾਂ-ਮਾਹ ਨੂੰ ਨਿਤਨੇਮ ਵਿਚ ਸ਼ਾਮਲ ਕੀਤਾ ਹੋਇਆ ਹੈ। ਚੰਗੀ ਗਲ ਇਹੀ ਹੈ ਕਿ ਉਮਰ ਦੇ ਸਾਰੇ ਦਿਨ-ਰੈਣ ਸਫਲ ਕੀਤੇ ਜਾਣ।

ਪ੍ਰਸ਼ਨ—ਕੀ ਇਕ ਅੰਮ੍ਰਿਤਧਾਰੀ ਸਿੰਘ,ਕਿਸੇ ਦੂਜੇ ਸਿੰਘ ਨੂੰ, ਜਿਸ ਨੇ ਕਿਤੋਂ ਹੋਰ ਅੰਮ੍ਰਿਤ ਛਕਿਆ ਹੋਵੇ ਤੇ ਜਿਸ ਨੂੰ ਨਾਮ ਦ੍ਰਿੜ ਨਾ ਹੋਵੇ, ਨੂੰ ਨਾਮ ਦ੍ਰਿੜ ਕਰਾ ਸਕਦਾ ਹੈ?

ਉਤਰ—ਨਾਮ ਦੇਣ, ਨਾਮ ਦ੍ਰਿੜ ਕਰਾਉਣ ਦਾ ਅਧਿਕਾਰ ਕੇਵਲ ਗੁਰੂ ਰੂਪ ਪੰਜਾਂ ਪਿਆਰਿਆਂ ਨੂੰ ਹੀ ਹੈ। ਇਸ ਪ੍ਰੇਮ-ਅਖਾੜੇ ਵਿਚ ਹੋਰਨਾਂ ਨਾਲੋਂ ਵਿਸ਼ੇਸ਼ਤਾ ਹੀ ਇਹ ਹੈ ਕਿ ਇਥੇ ਨਾਮ ਜਪਣ ਦੀ ਜੁਗਤੀ ਦਸਕੇ ਨਾਮ ਦ੍ਰਿੜ ਕਰਾਇਆ ਜਾਂਦਾ ਹੈ। ਕੋਈ ਇਕੱਲਾ ਸਿੰਘ ਨਾਮ ਦ੍ਰਿੜ ਕਰਾਉਣ ਦਾ ਅਧਿਕਾਰ ਨਹੀਂ ਰਖਦਾ।

ਪ੍ਰਸ਼ਨ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਿਰਦ ਬੀੜਾਂ, ਪੁਰਾਣੇ ਰੁਮਾਲ, ਕਘੇ ਦੇ ਕੇਸ ਆਦਿ ਨੂੰ ਕੀ ਕਰਨਾ ਚਾਹੀਦਾ ਹੈ?

ਉਤਰ—ਗੁਰਬਾਣੀ ਦੀਆਂ ਬਿਰਦ ਬੀੜਾਂ ਨੂੰ ਬੜੇ ਸਤਿਕਾਰ ਸਹਿਤ ਅਗਨ ਭੇਟ ਕਰਨਾ ਚਾਹੀਦਾ ਹੈ। ਰਹਿ ਗਈ ਸੁਆਹ ਆਦਿ ਨੂੰ ਜਲ ਪ੍ਰਵਾਹ ਕਰਨਾ ਹੀ ਠੀਕ ਹੈ। ਏਸੇ ਤਰ੍ਹਾਂ ਮੁਰਦਾ ਕੇਸ ਤੇ ਬਿਰਦ ਰੁਮਾਲੇ ਆਦਿ ਅਗਨ ਭੇਟ ਹੋ ਸਕਦੇ ਹਨ।

ਪ੍ਰਸ਼ਨ—ਕੀ ਪਤਾਸਿਆਂ ਆਦਿ ਨੂੰ ਕਰਦ-ਭੇਟ ਕਰਨੀ ਠੀਕ ਹੈ?

ਉਤਰ—ਕੜਾਹ ਪ੍ਰਸ਼ਾਦ ਦੀ ਅਣਹੋਂਦ ਵਿਚ ਅਸੀਂ ਪਤਾਸੇ ਜਾਂ ਕੋਈ ਹੋਰ ਚੀਜ਼ ਵਰਤਾ ਹੀ ਦਿੰਦੇ ਹਾਂ, ਪਰ ਮੇਰੇ ਵਿਚਾਰ ਵਿਚ ਤੱਤ ਮਰਯਾਦਾ ਅਨੁਸਾਰ ਬਣਾਈ ਹੋਈ ਦੇਗ ਤੋਂ ਬਿਨਾਂ ਕਿਸੇ ਹੋਰ (ਪ੍ਰਸ਼ਾਦ ਵਿਚ) ਚੀਜ਼ ਵਿਚ ਕਰਦ ਭੇਟ ਕਰਨੀ ਕੋਈ ਮਹਾਨਤਾ ਨਹੀਂ ਰਖਦੀ।

ਪ੍ਰਸ਼ਨ—ਸੰਸਾਰਕ ਖੁਸ਼ੀ ਗਮੀ ਸਮੇਂ ਅਸੀਂ ਰਿਸ਼ਤੇਦਾਰਾਂ ਨੂੰ ਸੱਦ ਤਾਂ ਲੈਂਦੇ ਹਾਂ, ਪਰ ਸਾਡਾ ਉਹਨਾਂ ਨਾਲ ਦਿਲ ਨਹੀਂ ਰਲਦਾ, ਨਾ ਹੀ ਉਹ ਸਾਡੀਆਂ ਰਸਮਾਂ ਨੂੰ ਪਸੰਦ ਕਰਦੇ ਹਨ। ਸਾਨੂੰ ਕੀ ਕਰਨਾ ਚਾਹੀਦਾ ਹੈ? (ਬਲ)

ਉਤਰ—ਅਸਲ ਬਿਚ ਗੁਰਸਿਖਾਂ ਦੀ ਲੈਣ ਦੇਣ, ਖੁਸ਼ੀਆਂ ਗਮੀਆਂ ਗੁਰਸਿਖਾਂ ਨਾਲ ਹੀ ਨਿਭ ਸਕਦੀਆਂ ਹਨ। ਜੇ ਕਿਤੇ ਕੱਚੇ ਪਿਲਿਆਂ ਨਾਲ ਨਿਭਾਉਣੀ ਪੈ ਹੀ ਜਾਵੇ;ਤਾਂ ਸੰਸਾਰਕ ਰੀਤਾਂ ਨੂੰ ਪਿਛੇ ਰਖ ਕੇ ਪਿਆਰੇ ਗੁਰੂ ਦੇ ਹੁਕਮਾਂ ਨੂੰ ਪਹਿਲ ਦੇਣੀ ਚਾਹੀਦੀ ਹੈ।


www.AKJ.Org

'SURA' Monthly 5 JUNE 1968 Regd. No. P /19

ਜੇ ਤੁਸੀਂ

ਗੁਰੂ ਰੂਪ ਪੰਜ ਪਿਆਰਿਆਂ ਦੇ ਹੁਕਮ ਅਨੁਸਾਰ

# ਚੌਥੀਂ ਕੁਰਹਿਤ "ਕੁਠਾ" ਬਾਰੇ ਤੱਤ ਨਿਰਨਯ

ਜਾਨਣਾ ਚਾਹੁੰਦੇ ਹੋ

ਤਾਂ

## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ

ਰਚਿਤ ਪੁਸਤਕ

# ਝਟਕਾ ਮਾਸ

ਪ੍ਰਥਾਇ ਤੱਤ ਗੁਰਮਤਿ ਨਿਰਨਯ ਅਜ ਹੀ ਹੇਠ ਲਿਖੇ ਪਤੇ ਤੋਂ

ਮੰਗਵਾਕੇ ਪੜ੍ਹੋ !

ਭੇਟਾ:-੧ ਰੁਪਿਆ ਪ੯ ਪੈਸੇ, ਡਾਕ ਖ਼ਰਚ ਵੱਖਰਾ।

## ਮਿਲਣ ਦਾ ਪਤਾ:-ਸੂਰਾ ਪੁਸਤਕ ਭੰਡਾਰ

ਰਾਘੋਮਾਜਰਾ, ਪਟਿਆਲਾ।

www.AKJ.Org